# ਲੋਕਤਾ

ਮਾਰਚ-ਅਪ੍ਰੈਲ - 1988

**March-April - 1988**

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਅਮਰਜੀਤ ਸੂਫੀ ਦੀ ਨਿੱਜੀ ਲਾਇਬ੍ਰੇਰੀ।

ਮਾਸਿਕ

# ਲੋਕਤਾ

March / April 1989

ਮਾਰਚ / ਅਪਰੈਲ

2nd class Mail Reg. No. 6794

# The Lokta

Monthly Magazine

Vol. 13 No. 5

## ਭਗਤ ਸਿੰਘ, ਰਾਜ ਗੁਰੂ ਅਤੇ ਸੁਖਦੇਵ ਨੂੰ ਸਮਰਪਤ ਅੰਕ



(1976 ਤੋਂ ਛਪਦਾ ਆ ਰਿਹਾ ਪੰਜਾਬੀ ਦਾ ਸਾਹਿਤਕ ਅਤੇ ਆਮ ਜਾਣਕਾਰੀ ਦੇਣ ਵਾਲਾ ਮਾਸਕ ਪੱਤਰ)

**LOKTA BOARD**

MANAGER

Harkewal S. Dhaliwal 588-4279

**EDITORIAL BOARD**

Jit S. Ankhi 596-6984

Soofi Amarjit 581-7811

Surinder S. Sangha 588-5217

Mohinder S. Soomel 327-6461

Gurnam S. Sanghera 325-1662

**ADVERTISEMENT**

Amarjit Chatha

ਲੇਖਕ ਦੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ

Marc / April 1989

ਮਾਰਚ / ਅਪਰੈਲ

**Vol. 13 No. 5**

# The Lokta

P.O.BOX 67534 STN. 'O'
VANCOUVER, B.C. V5W 3T9
Monthly Magazine — 2nd Class Mail
Reg. No. 6794

**LOKTA Representative**

Ranjit S. Sandhu - Williams Lake (398-6111)
Surinder S. Johal - Edmonton (461-6073)
Nirmal S. Dhindsa - Brampton (453-8149)
Rajinder S. Dhaliwal - Winnipeg (633-5229)
Surjit S. Bopanrai - Quesnel (992-3849)
Hakam S. Hans - Prince Rupert (624-3284)
Shavinder S. Basi - Toronto (740-1235)

ਡਾਕ ਰਾਹੀਂ : ਸਾਲਾਨਾ ਚੰਦਾ 10 ਡਾਲਰ
ਮੁੱਲ — 25 ਸੈਂਟ

ਕੇਵਲ ਤਿੰਨ ਜਾਂ ਚਾਰ ਜਾਂ ਪੰਜ ਸਾਲਾਂ ਵਿਚ ਆਪਣੀ ਜ਼ਿੰਦਗੀ ਭਰ ਦੀ ਇਨਸ਼ੋਰੈਂਸ ਖ਼ੀਦਣ ਲਈ

ਰਾਜ ਸਿੰਘ ਮਾਨ

ਨੂੰ ਮਿਲੋ

- ਲਾਈਫ਼ ਇਨਸ਼ੋਰੈਂਸ
- ਗਰੁੱਪ ਇਨਸ਼ੋਰੈਂਸ
- ਮਾਰਗੇਜ ਇਨਸ਼ੋਰੈਂਸ
- ਬੱਚਿਆਂ ਦੀ ਪੜ੍ਹਾਈ ਦੀ ਇੰਨਸ਼ੋਰੈਂਸ



**NORTH AMERICAN LIFE**
**RRSP**

**Ph. 943-1526**

**Raj Singh Maan** Sales Manager

1507 - 330 Portage Ave. WINNIPEG, MAN. R3C 0C4

**Res. 694-0731**

■ Personal ■ Children's ■ Group ■ Annuities

Commissioner for oaths

**RAJA CATERING SERVICES SINCE 1975**

- BEST FOOD
- BEST SERVICE • BEST PRICE

CALL BALWANT RAJA AT

**325-5014**

6450 MAIN STREET (at 49th., AVE)
VANCOUVER, B.C. CANADA V5W 2V4

Raja

325-5014

moti-mahal

**PH. 321-3223**

SPECIAL OFFER:

FOR WEDDING SWEETS AND YOUR CATERING NEEDS

# ਸੰਪਾਦਕੀ

# ਸ਼ਹੀਦਾ ਨੂੰ ਪਰਨਾਮ!!

ਸ਼ਹੀਦੇ ਆਜ਼ਮ ਸ: ਭਗਤ ਸਿਘ, ਰਾਜ ਗੁਰੂ ਅਤੇ ਸੁਖਦੇਵ ਦੀ ਮਹਾਨ ਸ਼ਹਾਦਤ ਦੀ ਯਾਦ ਅਸੀਂ ਹਰ ਸਾਲ ਮਨਾਉਂਦੇ ਹਾਂ। ਦੁਨੀਆਂ ਭਰ ਵਿਚ ਜਿਥੇ ਵੀ ਭਾਰਤੀ ਰਹਿੰਦੇ ਹਨ, ਉਹ ਸ਼ਹੀਦੇ ਆਜ਼ਮਾਂ ਦਾ ਜ਼ਿਕਰ ਕਰਕੇ ਉਹਨਾਂ ਦੀ ਮਹਾਨ ਕੁਰਬਾਨੀ ਅੱਗੇ ਸਤਿਕਾਰ ਨਾਲ ਸਿਰ ਝੁਕਾਉਂਦੇ ਹਨ।

ਅਜਿਹੇ ਮਹਾਨ ਲੋਕਾਂ ਦਾ ਜ਼ਿਕਰ ਵੀ ਅਸੀਂ ਅਕਸਰ ਹੀ ਸੁਣ ਰਹੇ ਹਾਂ, ਜੋ ਤਿੰਨੇ ਮਹਾਨ ਸ਼ਹੀਦਾਂ ਦੇ ਨਕਸ਼ੇ ਕਦਮ ਉਪਰ ਚੱਲ ਕੇ ਲੋਕਾਂ ਨੂੰ ਗੁਰਬਤ, ਮਾਯੂਸੀ, ਅਣਪੜ੍ਹਤਾ, ਅਨ੍ਹੇਰ ਵਿਰਤੀ ਵਿਚਾਰਾਂ ਆਰਥਿਕ ਲੁੱਟ ਆਦਿ ਤੋਂ ਮੁਕਤ ਕਰਵਾਉਣ ਲਈ ਯਤਨ ਸ਼ੀਲ ਹਨ। ਅਜਿਹੇ ਲੋਕਾਂ ਦੇ ਸੰਘਰਸ਼ ਨੂੰ ਵੀ ਤਿੰਨ ਮਹਾਨ ਸ਼ਹੀਦਾਂ ਦੇ ਜੀਵਨ ਸੰਘਰਸ਼ ਦੀ ਰੌਸ਼ਨੀ ਵਿਚ ਹੀ ਦੇਖਣਾ ਚਾਹੀਦਾ ਹੈ।

ਇਸ ਚਲੰਤਸਾਲ ਦੇ ਪਹਿਲੇ ਦਿਨ ਜਦੋਂ ਲੋਕ 'ਸਾਲ-ਮੁਬਾਰਕ' ਕਹਿ ਕੇ ਇਕ ਦੂਜੇ ਨੂੰ ਸ਼ੁਭਕਾਮਨਾਵਾਂ ਦੇ - ਲੈ ਰਹੇ ਸਨ ਤਾਂ ਭਾਰਤ ਦੀਆਂ ਲੁਟੇਰੀਆਂ ਹਾਕਮ ਜਮਾਤਾਂ ਦੀ ਪ੍ਰਤੀਨਿੱਧ ਕਾਂਗਰਸ ਸਰਕਾਰ ਦੇ ਜ਼ੁਲਮਾਂ-ਜਬਰਾਂ ਨੂੰ ਲਲਕਾਰਨ ਵਾਲੇ ਮਹਾਨ ਕਲਾਕਾਰ ਸਫਦਰ-ਹਾਸ਼ਮੀ ਨੂੰ ਸ਼ਹੀਦ ਕਰ ਦਿੱਤਾ ਗਿਆ। ਸ਼ਹੀਦ ਸਫਦਰ ਹਾਸ਼ਮੀ ਵਰਗੇ ਸੱਚੇ-ਸੁੱਚੇ ਬਹਾਦਰ ਯੋਧੇ ਦੀ ਸ਼ਹਾਦਤ ਨੂੰ ਸਾਰੇ ਭਾਰਤ ਵਿਚ ਤਰਥੱਲੀ ਮਚਾ ਦਿਤੀ। ਭਾਰਤ ਭਰ ਦੇ ਹਰ ਲੇਖਕ, ਕਲਾਕਾਰ ਅਤੇ ਰੰਗ ਮੰਚ ਦੇ ਕਿਰਤੀ ਨੇ ਵੱਡੇ ਗੁੱਸੇ ਅਤੇ ਜੋਸ਼ ਨਾਲ ਹਾਕਮਾਂ ਦੀ ਇਸ ਨੀਚ ਕਾਰਵਾਈ ਵਿਰੁੱਧ ਤੂਫਾਨ ਖੜਾ ਕਰ ਦਿੱਤਾ। ਜਾਪਦਾ ਹੈ ਕਿ ਹਾਕਮ, ਸ਼ਹੀਦ ਹਾਸ਼ਮੀ ਨੂੰ ਇਕ ਸਾਧਾਰਨ ਨਾਟਕਕਾਰ ਹੀ ਸਮਝਦੇ ਸਨ, ਪ੍ਰੰਤੂ ਸ਼ਹੀਦ ਹਾਸ਼ਮੀ ਦੀ ਸ਼ਹਾਦਤ ਨੇ ਹਾਕਮਾਂ ਦਾ ਸੰਘਾਸ਼ਣ ਹੀ ਡੁਲਾ ਦਿੱਤਾ ਹੈ, ਠੀਕ ਉਸੇ ਤਰ੍ਹਾਂ ਜਿਵੇਂ ਸ. ਭਗਤ ਸਿੰਘ ਅਤੇ ਉਨਾਂ ਦੇ ਸਾਥੀਆਂ ਦੀ ਸ਼ਹਾਦਤ ਨੇ ਅੰਗਰੇਜ਼ -ਸਾਮਰਾਜ ਦਾ ਸਿੰਘਾਸਣ ਥਿੜਕਾ ਦਿਤਾ ਸੀ।

ਸ਼ਹੀਦ ਹਾਸ਼ਮੀ, ਸਰਦਾਰ ਭਗਤ ਸਿੰਘ ਹੋਰਾਂ ਦਾ ਸੱਚਾ ਵਾਰਸ ਸਿਧ ਹੋਇਆ ਹੈ।

ਅਖੰਡਤਾ ਲਈ ਅਤਿਵਾਦੀਆਂ ਵਿਰੁੱਧ ਸੰਘਰਸ਼ ਕਰ ਰਹੇ ਅਨੇਕਾਂ ਸੂਰਬੀਰ ਕਮਿਊਨਿਸਟ ਯੋਧਿਆਂ ਨੂੰ ਬੁਜ਼ਦਿਲ ਅਤਿਵਾਦੀ, ਮੱਕਾਰਾਂ ਵਾਂਗ ਲੁਕ ਕੇ ਸ਼ਹੀਦ ਕਰ ਰਹੇ ਹਨ। ਸਾਮਰਾਜ ਦੇ ਭਾੜੇ ਦੇ ਟੱਟੂ ਨਹੀਂ ਜਾਣਦੇ ਕਿ ਕਮਿਊਨਿਸਟ ਵੱਖਰੀ ਕਿਸਮ ਦੀ ਮਿਟੀ ਦੇ ਬਣੇ ਹੁੰਦੇ ਹਨ।

ਅੱਜ ਭਾਰਤ ਦਾ ਹਰ ਉਹ ਵਸਨੀਕ ਅਤੇ ਜੰਮਪਲ, ਉਹ ਭਾਵੇਂ ਕਿਤੇ ਵੀ ਹੈ, ਜੇਕਰ ਉਹ ਲੁਟੇਰਿਆਂ ਹਾਕਮ ਜਮਾਤਾਂ, ਦੇਸ਼ ਦੀ ਏਕਤਾ-ਅਖੰਡਤਾ ਤੋੜਨ ਵਾਲਿਆ, ਫਿਰਕੂ ਜਨੂੰਨੀਆਂ ਅਤੇ ਫਿਰਕਾਂ ਪ੍ਰਸਤਾਂ ਆਦਿ ਵਿਰੁਧ, ਜਿਵੇਂ ਕਿਵੇਂ ਵੀ ਸੰਘਰਸ਼ ਕਰ ਰਿਹਾ ਹੈ ਉਹ ਮਹਾਨ ਸ਼ਹੀਦਾ ਦਾ ਸੱਚਾ ਵਾਰਸ ਅਖਵਾਉਣ ਦਾ ਹੱਕਦਾਰ ਹੈ।

ਜਿਹੜੇ ਲੋਕ ਸ਼ਹੀਦਾਂ ਨੂੰ, ਉਨਾਂ ਦੇ ਪਰਵਾਰ, ਨਾਂ ਜਾਂ ਧਰਮ ਦੇ ਆਧਾਰ ਉਪਰ ਆਪਣੇ ਤੰਗ ਫਿਰਕੂ ਮਨੋਰਥਾਂ ਲਈ ਆਪਣੇ ਨਾਲ ਬੰਨ੍ਹਦੇ ਹਨ, ਉਹ ਲੋਕਾਂ ਦੀਆਂ ਅੱਖਾਂ ਵਿਚ ਘੱਟਾਂ ਪਾਉਂਦੇ ਹਨ। ਉਹ ਸ਼ਹੀਦਾਂ ਦਾ ਅਪਮਾਨ ਕਰ ਰਹੇ ਹਨ। ਸ਼ਹੀਦ ਹਮੇਸ਼ਾ ਹੀ ਉਚੀਆਂ ਮਨੁੱਖੀ ਕਦਰਾਂ ਕੀਮਤਾਂ ਦੇ ਲਈ ਜੂਝੇ ਹੁੰਦੇ ਹਨ। ਜਿਹੜੇ ਲੋਕ ਧਰਮ ਨਿਰਪੱਖਤਾ, ਭਰਾਤਰੀ ਭਾਵ ਅਤੇ ਮਨੁੱਖਤਾ ਦੀਆਂ ਜੜ੍ਹਾਂ ਵਿਚ ਮਾਰ-ਧਾੜ ਤੇ ਪਾੜਿਆਂ ਦਾ ਤੇਲ ਤੇਲ ਚੋ ਰਹੇ ਹਨ, ਉਹ ਮਹਾਨ ਸ਼ਹੀਦਾਂ ਦੇ ਵਾਰਸ ਨਾ ਹੋ ਸਕਦੇ ਹਨ ਨਾ ਹੀ ਕਹਾ ਸਕਦੇ ਹਨ। ਇਹ ਲੋਕ ਤਾਂ ਮਹਾਨ ਸ਼ਹੀਦਾਂ ਦੇ ਉਦੇਸ਼ਾਂ ਉਪਰ ਪੋਚਾ ਫੇਰਨ ਵਾਲੇ ਹਨ।

ਅੰਤ ਵਿਚ ਅਸੀਂ ਸ਼ਹੀਦੇ ਆਜ਼ਮਾਂ ਦੇ 23 ਮਾਰਚ ਦੇ ਸ਼ਹੀਦੀ ਦਿਵਸ ਉਪਰ ਉਨ੍ਹਾਂ ਨਾਲ, ਉਨ੍ਹਾਂ ਸਾਰੇ ਬਹਾਦਰਾਂ ਨੂੰ ਵੀ ਲਾਲ ਸਲਾਮ ਕਹਿੰਦੇ ਹਾਂ ਜਿਹੜੇ ਉਨ੍ਹਾਂ ਦੇ ਪੈਰ ਚਿੰਨਾਂ ਤੇ ਚੱਲ ਕੇ, ਸ਼ਹਾਦਤਾਂ ਪ੍ਰਾਪਤ ਕਰ ਗਏ ਹਨ। ਨਾਲ ਹੀ ਅਸੀਂ ਉਨਾਂ ਮਹਾਨ ਲੋਕਾਂ ਦੀਆਂ ਲੋਕ ਜਮਹੂਰੀ ਲਹਿਰਾਂ ਵਿਚ ਭਾਗ ਲੈਣ ਵਾਲੇ ਜੁਝਾਰੂ ਲੋਕਾਂ ਨੂੰ ਲਾਲ ਸਲਾਮ ਕਹਿੰਦੇ ਹਨ ਜੋ ਮਹਾਨ ਸ਼ਹੀਦਾਂ ਦੇ ਉਦੇਸ਼ਾਂ ਦੀ ਪ੍ਰਾਪਤੀ ਲਈ ਸੰਘਰਸ਼ਸ਼ੀਲ ਹਨ।

ਸ਼ਹੀਦੇ ਆਜ਼ਮ ਭਗਤ ਸਿੰਘ, ਰਾਜਗੁਰੂ, ਸੁਖਦੇਵ ——— ਜ਼ਿੰਦਾਬਾਦ
ਸ਼ਹੀਦ ਸਫਦਰ ਹਾਸ਼ਮੀ ——— ਜ਼ਿੰਦਾਬਾਦ
ਮਹਾਨ ਜੁਝਾਰੂ ਲੋਨ ——— ਜ਼ਿੰਦਾਬਾਦ

ਸਾਥੀ ਬਲਵੀਰ ਜੌਹਲ ਵਲੋਂ ਆਪਣੇ ਪਿਤਾ ਦੇ ਸ਼ਰਧਾਂਜਲੀ ਸਮਾਰੋਹ ਤੇ ਹੇਠ ਲਿਖੀ ਮਦਦ ਦਿੱਤੀ ਗਈ:—

160 ਡਾਲਰ ਪੰਜਾਬ ਸਟੇਟ ਕਮੇਟੀ (ਸੀ. ਪੀ. ਐਮ)
40 ਡਾਲਰ ਰੋਜ਼ਾਨਾ ਲੋਕ ਲਹਿਰ ਜਲੰਧਰ
50 ਡਾਲਰ ਮਾਸਿਕ ਲੋਕਤਾ।

## ਲੋਕਤਾ ਨੂੰ ਸਹਾਇਤਾ

ਭਜਨ ਧੰਨੂ — 100 ਡਾਲਰ
ਮਲਕੀਤ ਲੰਰਾ — 100 ਡਾਲਰ

ਗੁਰਜੀਤ ਸਿੰਘ ਤੂਰ (ਸਰੀ) ਨੇ ਆਪਣੇ ਘਰ ਲੜਕਾ ਹੋਣ ਦੀ ਖੁਸ਼ੀ ਵਿਚ ਮਾਸਿਕ ਲੋਕਤਾ ਨੂੰ 100 ਡਾਲਰ ਦਿੱਤੇ।

ਅਦਾਰਾ ਲੋਕਤਾ ਵਲੋਂ ਧੰਨਵਾਦ

ASHOKA TRADING CO. LTD.
6621 MAIN STREET, VANCOUVER B.C.
324-7521
• ਕਢਾਈ ਵਾਲੀਆਂ ਅਤੇ ਸਿਲਕ ਦੀਆਂ ਵਧੀਆ ਸਾੜ੍ਹੀਆਂ ਭਾਰਤ ਤੋਂ ਅਤੇ ਪ੍ਰਿੰਟਿਡ ਅਤੇ ਪਲੇਨ ਸਾੜ੍ਹੀਆਂ ਜਾਪਾਨ ਤੋਂ ਸਿੱਧੀਆਂ ਮੰਗਵਾਈਆਂ ਜਾਂਦੀਆਂ ਹਨ।
ਕੇਵਲ ਹੋਲ ਸੇਲ ਤੇ ਖ੍ਰੀਦਣ ਲਈ ਫੂਨ ਕਰੋ
INDIAN SILK SAREES & SUITS
JAPANEEESE SUITS & SAREES
COSTUME JEWELLERY
WAREHOUSE ADDRESS:
# 102 - 8185 MAIN ST., VANCOUVER B.C.
TEL: (604) 321 - 4506
WORLD WIDE IMPORTS IN FABRICS, SAREES & JEWELLERY WHOLESALE & RETAIL
WELL DISPLAYED & MOST DECORATED STORE IN TOWN



# ਵਿਤਕਰੇ ਭਰਿਆ ਨਸਲਵਾਦੀ ਢਾਂਚਾ

ਕੈਨੇਡਾ ਦਾ ਬੁਨਿਆਦੀ ਅਤੇ ਉਪਰਲਾ ਢਾਂਚਾ ਸਮਾਜੀ ਵੰਡ ਅਤੇ ਵਿਤਕਰੇ ਉੱਤੇ ਆਧਾਰਤ ਹੈ ਜਿਸ ਵਿਚ ਉਪਰੋਂ ਵੇਖਣ ਨੂੰ ਬਰਾਬਰੀ,ਖੁੱਲ ਅਤੇ ਜਮਹੂਰੀਅਤ ਦਿਸਦੀ ਹੈ। ਪਰ ਜਦੋਂ ਇਸ ਦੇ ਧੁਰ ਅੰਦਰ ਤੱਕ ਨੀਝ ਨਾਲ ਝਾਤੀ ਮਾਰੀਏ ਤਾਂ ਵਿਤਕਰਾ ਨਾ-ਬਰਾਬਰੀ, ਨਫਰਤ, ਲੁੱਟ ਖਸੁੱਟ ਅਤੇ ਆਮ ਲੋਕਾਂ ਦੀ ਦੁਰਗਤ ਨਜ਼ਰ ਆਏਗੀ । ਇਹ ਦੱਸਣ ਦੀ ਲੋੜ ਨਹੀਂ ਕਿ ਅੱਜ ਦੇ ਭਾਰੂ ਐਂਗਲੋ ਸੈਕਸ਼ਨ ਦੇ ਅਮੀਰ ਤੇ ਜਗੀਰਦਾਰ ਹਿੱਸੇ ਨੇ ਕਿਵੇਂ ਇਸ ਦੇ ਆਦੀ-ਵਾਸੀਆਂ ਨੂੰ ਖਤਮ ਕੀਤਾ ਅਤੇ ਥੱਲੇ ਲਾ ਕੇ ਉਨ੍ਹਾਂ ਦੀਆਂ ਜ਼ਮੀਨਾਂ ਖੋਹੀਆਂ ਅਤੇ ਉਹਨਾਂ ਦਾ ਸਭਿਆਚਾਰ, ਹੋਂਦ ਆਦਿ ਹੀ ਖਤਮ ਕੀਤਾ ਅਤੇ ਥੱਲੇ ਲਾ ਕੇ ਉਹਨਾਂ ਦਾ ਸਭਿਆਚਾਰ, ਹੋਂਦ ਆਦਿ ਹੀ ਖਤਮ ਕਰਨ ਦੇ ਪੂਰੇ ਯਤਨ ਕੀਤੇ। ਧਰਮ ਨੂੰ ਹਾਕਮ ਜਮਾਤ ਦਾ ਹੱਥ ਠੋਕਾ ਬਣਾ ਕੇ ਵਰਤਿਆ । ਗੋਰੇ ਮਜ਼ਦੂਰ ਕਿਸਾਨ ਨੂੰ ਗੁੰਮਰਾਹ ਕਰਕੇ ਬਾਕੀ ਘੱਟ ਗਿਣਤੀਆਂ ਜਿਵੇਂ ਆਦੀ ਵਾਸੀ, ਚੀਨੇ, ਜਾਪਾਨੀ, ਭਾਰਤੀ, ਅਫਰੀਕੀ ਪਿਛੋਕੜ ਦੇ ਅਮਰੀਕਾ ਤੋਂ ਆਏ ਲੋਕਾਂ ਅਤੇ ਹੋਰ ਐਥਨਿਕ ਲੋਕਾਂ ਵਿਰੁੱਧ ਵਰਤਿਆ । ਕਈ ਸਕੀਮਾਂ ਤੇ ਸਰਕਾਰੀ ਪਾਲਸੀਆਂ ਰਾਹੀਂ ਬੜੇ ਢੰਗ ਨਾਲ ਇਹਨਾਂ ਗਿਣਤੀਆਂ ਵਿਰੁਧ ਰੰਗ, ਨਸਲ, ਕੌਮੀਅਤ, ਸਭਿਆਚਾਰ ਆਦਿ ਦੇ ਨਾਮ ਤੇ ਵੰਡਾ ਪਾ ਕੇ ਲੋਟੂ ਜਮਾਤ ਦੀ ਜਕੜ ਕਾਇਮ ਰੱਖੀ ਅਤੇ ਲੋਕਾਂ ਦੀ ਏਕਤਾ ਨੂੰ ਭੰਗ ਕਰਨ ਜਾਂ ਨਾਂ ਹੋਣ ਦੇਣ ਲਈ ਇਹ ਵੰਡਾਂ ਪੱਕੀਆਂ ਕੀਤੀਆਂ । ਚੀਨਿਆਂ ਦੇ ਦਾਖਲੇ ਉੱਪਰ ਹੈਡ ਟੈਕਸ, ਤੀਜੀ ਦੁਨੀਆਂ ਦੇ ਲੋਕਾਂ ਦੀਆਂ ਪਤਨੀਆਂ ਨਾਂ ਆਉਣ ਦੇਣਾ (ਵੀਹਵੀਂ ਸਦੀ ਦੇ ਆਰੰਭ ਵਿਚ), ਕਾਮਾ ਗਾਟਾ ਮਾਰੂ ਦਾ ਬਿਰਤਾਂਤ ਅਤੇ ਦੂਜੀ ਜੰਗ ਸਮੇਂ ਜਾਪਾਨੀਆਂ ਨੂੰ ਕੈਂਪਾ ਵਿਚ ਰੱਖਣਾ ਇਸ ਸਾਰੀ ਕੜੀ ਦਾ ਹਿੱਸਾ ਹਨ ।

ਸੋ ਅੱਜ ਦਾ ਵਿਤਕਰਾ, ਨਸਲਵਾਦ ਕੋਈ ਨਵਾਂ ਨਹੀਂ । ਇਹ ਸਭ ਇਸ ਢਾਂਚੇ ਦੇ ਹਰ ਅਦਾਰੇ ਵਿਚ ਰਚਿਆ ਹੋਇਆ ਹੈ ਤੇ ਜਿਸ ਦਾ ਭਿਆਨਕ ਰੂਪ ਕਈ ਵਾਰ ਬਾਹਰ ਦਿੱਸਦਾ ਅਤੇ ਕਈ ਵਾਰ ਚੁੱਪ ਅਤੇ ਅਦਿਖ ਰੂਪ ਵਿਚ ਚਾਲੂ ਰਹਿੰਦਾ ਹੈ। ਅਸੀਂ ਇਹ ਨਹੀਂ ਆਖਦੇ ਕਿ ਕਨੇਡਾ ਦਾ ਹਰ ਗੋਰਾ ਨਸਲਵਾਦੀ ਹੈ । ਅਸੀਂ ਆਖ ਰਹੇ ਹਾਂ ਕਿ ਇਸ ਦੇਸ਼ ਨੂੰ ਚਲਾਉਣ ਵਾਲੀ ਜਮਾਤ ਦੇ ਮੁਨਾਫੇਖੋਰ ਲੋਟੂ ਹਿਤ ਇਹਨਾਂ ਪੱਖਾਂ ਨੂੰ ਵਰਤਦੇ ਹਨ ਅਤੇ ਗੋਰੇ ਮਜ਼ਦੂਰ ਦੀ ਭੀ ਉਨੀ ਹੀ ਲੁੱਟ ਕਰਦੇ ਹਨ। ਪਰ ਜਦੋਂ ਦਾਅ ਲੱਗੇ ਤਾਂ ਗੋਰੇ ਮਜ਼ਦੂਰ ਨੂੰ ਦੂਜਿਆਂ ਵਿਰੁਧ ਵਰਤਣ ਦਾ ਯਤਨ ਵੀ ਕਰਦੇ ਹਨ ਅਤੇ ਕਮਿਊਨਿਟੀਆਂ ਨੂੰ ਹੀ ਵੰਡ ਕੇ ਰੱਖ ਦਿੰਦੇ ਹਨ । ਟਰੇਂਡ ਯੂਨੀਅਨਾਂ ਨਾਲ ਵੀ ਘੱਟ ਨਹੀਂ ਗੁਜ਼ਾਰਦੇ ।

ਹੁਣ ਇਕ ਪਾਸੇ ਤਾਂ ਇਨਸਾਫ ਦੀਆਂ ਡੀਗਾਂ ਮਾਰਦੇ ਤੇ ਜਮਹੂਰੀਅਤ ਦੇ ਝੰਡਾ ਬਰਦਾਰ ਬਣਦੇ ਹਨ ਪਰ ਦੂਜੇ ਪਾਸੇ ਕਾਨੂੰਨ ਅਤੇ ਇਨਸਾਫ ਦਾ ਮਹਿਕਤਾ ਹੀ ਵਿਤਕਰੇ ਤੇ ਨਸਲਵਾਦ ਦਾ ਸ਼ਿਕਾਰ ਹੈ। ਜਿਵੇਂ ਨੋਵਾ ਸਕੋਸ਼ੀਆ ਦੇ ਸੂਬੇ ਵਿਚ ਸਰਕਾਰ ਕਮਿਸ਼ਨ ਨੇ 'ਮਾਰਸ਼ਲ ਪੜਤਾਲ' ਵਿਚ ਸਾਬਤ ਕਰ ਦਿੱਤਾ ਹੈ ਕਿ ਕਿਵੇਂ ਪੁਲਸ ਤੋਂ ਲੈ ਕੇ ਧੁਰ ਨਿਆਂ ਪ੍ਰਣਾਲੀ ਤੱਕ ਕਿਵੇਂ ਨਸਲਵਾਦੀ ਵਿਤਕਰੇ ਦਾ ਸ਼ਿਕਾਰ ਹਨ । ਸਾਰੇ ਨਿਆਂ ਪ੍ਰਬੰਧ ਨੂੰ ਕਿਵੇਂ ਵਰਤਿਆ ਗਿਆ ਅਤੇ ਨਿਰਦੋਸ਼ ਆਦੀ ਵਾਸੀ ਡੋਨਲਡ ਮਾਰਸ਼ਲ ਦੇ ਸਿਰ ਕਤਲ ਧਰ ਹੋ ਗਿਆ ਅਤੇ ਉਹ ਸਾਲਾ ਬੱਧੀ ਜੇਲ੍ਹ ਵਿਚ ਸੜਦਾ ਰਿਹਾ, ਇਸ ਤਰ੍ਹਾਂ ਬਹੁਤ ਸਾਰੇ ਹੋਰ ਆਦੀ ਵਾਸੀ ਨਿਆਂ ਪ੍ਰਬੰਧ ਦਾ ਸ਼ਿਕਾਰ ਹਨ । ਆਬਾਦੀ ਦੀ ਗਿਣਤੀ ਦੇ ਹਿਸਾਬ ਨਾਲ ਆਦੀ ਵਾਸੀ ਕਈ ਗੁਣਾਂ ਜ਼ਿਆਦਾ ਜੇਲ੍ਹਾਂ ਵਿਚ ਹਨ । ਅਲਬਰਟਾ ਤੇ ਮੈਨੀਟੋਬਾ ਆਦਿ ਸੂਬਿਆਂ ਦੀਆਂ ਜੇਲ੍ਹਾਂ ਦੇ ਸੱਠ (60) ਫੀ ਸਦੀ ਕੈਦੀ ਆਦੀ ਵਾਸੀ ਹਨ। ਇਥੇ ਦੇ ਪ੍ਰਬੰਧਕਾਂ ਤੇ ਹਾਕਮਾਂ ਦੀ ਸੋਚ ਹੀ ਇਹ ਹੈ ਕਿ ਕਾਲੇ ਤੇ ਆਦੀ ਵਾਸੀ ਆਪਣੇ ਮਸਲੇ ਆਪ ਹੱਲ ਨਹੀਂ ਕਰ ਸਕਦੇ । ਹਾਂ ਪੱਖੀ ਅਫਰਮੇਟਿਵ (Affirmative) ਐਕਸ਼ਨ ਨਾਲ ਜ਼ੁਲਮ, ਬੇ-ਇਨਸਾਫੀ ਅਤੇ ਧੱਕੇਸ਼ਾਹੀ ਦੇ ਮੂੰਹ ਉਪਰ ਪਰਦਾ ਪੋਸ਼ੀ ਕਰਨ ਦਾ ਯਤਨ ਹੋ ਸਕਦਾ ਹੈ ਪਰ ਵੰਡ ਵਾਦੀ ਤੇ ਨਾ-ਬਰਾਬਰੀ ਵਾਲੇ ਪ੍ਰਬੰਧ ਨੂੰ ਅਫਰਮੇਟਿਵ ਐਕਸ਼ਨ ਨਾਲ ਨਹੀਂ ਬਦਲਿਆ ਜਾ ਸਕਦਾ। ਪ੍ਰਬੰਧ ਨੂੰ ਬਦਲਣ ਲਈ ਜਮਾਤੀ ਵੰਡ ਵਾਲੇ ਸਮਾਜ ਨੂੰ ਬਦਲਣਾ ਜ਼ਰੂਰੀ ਹੈ। ਟੂਰੰਟੋ ਵਿਚ ਕਾਰ ਵਿਚ ਭੱਜ ਕੇ ਜਾ ਰਹੇ ਕਾਲੇ ਮੁੰਡੇ ਦੇ ਪੁਲਸ ਨੇ ਪਿਛਿਉਂ ਗੋਲੀ ਮਾਰ ਕੇ ਮਾਰ ਦਿੱਤਾ । ਇਸ ਹੀ ਤਰ੍ਹਾਂ ਟੂਰੰਟੋ ਵਿਚ ਚੁਤਾਲੀ ਸਾਲ ਦੇ ਕਾਲੇ ਨੂੰ ਗੋਲੀ ਮਰ ਦਿੱਤੀ ਗਈ ਤੇ ਪੁਲਸ ਅਫਸਰ ਉਪਰ ਮੈਨ ਸਲੌਟਰ ਦਾ ਦੋਸ਼ ਲਾਇਆ ਜਦੋਂ ਕਿ ਕਤਲ ਦਾ ਚਾਹੀਦਾ ਹੈ। ਕਾਲੇ, ਆਦੀ ਵਾਸੀਆਂ ਆਦਿ ਨੂੰ ਕਾਫੀ ਦਬਾਇਆ ਜਾਂਦਾ ਹੈ ਅਤੇ ਬਾਕੀ ਦੇ ਹਰ ਖੇਤਰ ਵਿਚ ਵੀ ਇਹਨਾਂ ਨਾਲ ਤੇ ਹੋਰ ਏਸ਼ਆਈ ਤੇ ਤੀਜੀ ਦੁਨੀਆਂ ਦੇ ਲੋਕਾਂ ਨਾਲ ਦਿਖਤ ਜਾਂ ਅਦਿਖ ਰੂਪ ਵਿਚ ਕਾਫੀ ਜ਼ਿਆਦਾ ਵਿਤਕਰਾ ਹੈ ।

ਹੁਣ ਵੈਸਟਰਨ ਓਨਟੇਰੀਓ ਯੂਨੀਵਰਸਿਟੀ ਦੇ ਪ੍ਰੋਫੈਸਰ ਰਸ਼ਟ ਨੇ ਦਿਮਾਗ ਤੇ ਬੁੱਧੀ ਸਬੰਧੀ ਅਖੋਤੀ ਖੋਜ ਕੀਤੀ ਹੈ ਜਿਸ ਨੂੰ ਮਾਹਰਾਂ ਨੇ ਨਸਲਵਾਦੀ, ਵਿਤਕਰੇ, ਵਾਲੀ ਗੈਰ-ਵਿਗਿਆਨਕ ਦੱਸਿਆ ਹੈ । ਇਸ ਨੂੰ ਹਰ ਪਾਸੇ ਤੋਂ ਭੰਡਿਆਂ ਗਿਆ ਹੈ। ਉਸ ਦੀ ਖੋਜ ਦੇ ਅਪਣਾਏ ਹੋਏ ਤਰੀਕੇ ਅਤੇ ਮਿਣਤੀ ਸੋਦੇ ਹਨ। ਉਸ ਦੀ ਅਖੌਤੀ ਖੋਜ ਲਈ ਪੈਸੇ ਭੀ ਨਾਜ਼ੀ ਹਿਮਾਇਤੀ ਅਤੇ ਅਮਰੀਕਾ ਦੇ ਕਾਲੇ ਲੋਕਾਂ ਨੂੰ ਵਾਪਸ ਭੇਜਣ ਦੀ ਸਕੀਮ ਵਾਲੇ ਡਰੇਪਰ ਦੀ ਫਾਊਂਡੇਸ਼ਨ ਵਲੋਂ ਆਏ ਹਨ ।

ਸੋ ਬਾਹਰ ਮੁੱਖੀ ਅਤੇ ਲੁਕਵੇਂ ਵਿਤਕਰੇ ਅਤੇ ਨਸਲਵਾਦੀ ਕੁਕਰਮਾਂ ਦੀ ਜੜ੍ਹ ਨੂੰ ਨੰਗਿਆਂ ਕਰਨਾ ਜ਼ਰੂਰੀ ਹੈ। ਇਸ ਸਭ ਵਿਰੁੱਧ ਡੱਟ ਕੇ ਘੋਲ ਕਰਨ ਦੀ ਲੋੜ ਹੈ।

ਇਨਸਾਨੀਅਤ ਸਭਨਾਂ ਧਰਮਾਂ ਤੋਂ ਉੱਪਰ ਹੈ
ਇਨਸਾਨ ਬਣੋ


# ਲੇਕ ਵੀਊ ਰੀਅਲਿਟੀ ਦੇ ਭਰੋਸੇਯੋਗ ਰੀਅਲ ਇਸਟੇਟ

ਕੇ. ਐਸ.(ਕਾਲ) ਬਾਸੀ

LAKEVIEW REALTY LTD.
7909 Scott Road,
Delta, B.C. V4C 6P6

ਤੁਹਾਡੀ ਹਰ ਪ੍ਰਕਾਰ ਦੀ ਜਾਇਦਾਦ, ਘਰ ਆਦਿ ਖਰੀਦਣ ਵੇਚਣ ਵਿਚ ਸਹਾਇਤਾ ਕਰ ਸਕਦੇ ਹਨ



Bus:
ਫ਼ੋਨ : 590-3231

K.S. (KAL) BASSI

# ਲਕੜ ਕਾਮਿਆਂ ਨੂੰ ਕੰਮ ਤੋ ਜਵਾਬ

ਫਲੈਚਰ ਚੈਲਿੰਜ ਕੰਪਨੀ ਜੋ ਬ੍ਰਿਟਿਸ ਕੁਲੰਬੀਆ ਵਿਚ ਸਭ ਤੋਂ ਵੱਡੀ ਲਕੜ ਸਨਅਤ ਵਿਚ ਕੰਪਨੀ ਹੈ ਨੇ ਪਿਛਲੇਂ ਦਿਨਾਂ ਵਿਚ ਚਾਰ 400 ਤੋਂ ਵੱਧ ਵਰਕਰਾਂ ਨੂੰ ਕੰਮ ਤੋਂ ਲੇ-ਆਫ ਕਰਨ ਦਾ ਵੇਰਵਾ ਦਿੱਤਾ ਹੈ। ਇਸ ਬਾਰੇ ਪਰੈਸ ਵਿਚ ਲਗਾਤਾਰ ਖਬਰਾਂ ਆ ਰਹੀਆਂ ਹਨ ਅਤੇ ਬੀ. ਸੀ. ਸਰਕਾਰ ਵਲੋਂ 'ਟਰੀ ਫਾਰਮ ਲਾਇਸੰਸਾਂ' ਬਾਰੇ ਜੋ ਪਿਛਲੇਂ ਸਮੇਂ ਤੋਂ ਵਾਧਾ ਕਰਨ ਬਾਰੇ ਅੰਦਰ ਖਾਤੇ ਗੱਲਾਂ ਬਾਤਾਂ ਚਲ ਰਹੀਆਂ ਸਨ ਉਹ ਵੀ ਸਾਹਮਣੇ ਆਈਆਂ ਹਨ। ਇਸੇ ਹੀ ਤਰ੍ਹਾਂ ਲੱਕੜ ਸਨਅਤ ਵਿਚ ਸਾਰੀਆਂ ਵੱਡੀਆਂ ਕੰਪਨੀਆਂ ਵੱਡੇ ਮੁਨਾਫੇ ਕਮਾ ਰਹੀਆਂ ਹਨ। ਹਰ ਪਾਸੇ 'ਆਰਥਿਕਤਾ' ਤੇਜ਼ੀ ਨਾਲ ਵੱਧ ਰਹੀ ਹੈ' ਦਾ ਪ੍ਰਚਾਰ ਕੀਤਾ ਜਾ ਰਿਹਾ ਹੈ। ਸੋ ਅਜਿਹੀ ਸਥਿਤੀ ਹੋਣ ਤੇ ਭੀ ਇਹ ਜੋ ਵਰਕਰਾਂ ਨਾਲ ਹੋ ਰਿਹਾ ਹੈ ਇਸ ਦੇ ਮੂਲ ਕਾਰਨ ਕੀ ਹਨ। ਇਹਨਾਂ ਬਾਰੇ ਸਾਰੀ ਸਥਿਤੀ ਦਾ ਵਿਸ਼ਲੇਸ਼ਣ ਜ਼ਰੂਰੀ ਹੈ।

ਸਭ ਤੋਂ ਪਹਿਲਾਂ ਜਦੋਂ ਦੇ ਟੋਰੀ ਤਾਕਤ ਵਿਚ ਆਏ ਹਨ ਕੋਈ ਵੀ ਬਾਹਰਲੀ ਕੰਪਨੀ ਆ ਕੇ ਇਥੇ ਆਪਣਾ ਸਰਮਾਇਆ ਖਰਚ ਕੇ ਹੋਰ ਕੰਪਨੀਆਂ ਨੂੰ ਖਰੀਦ ਸਕਦੀ ਹੈ ਇਹਨਾਂ ਨੇ ਟਰੂਡੋ ਵਲੋਂ 'ਬਾਹਰਲੀ ਇੰਨਵੈਸਟਮੈਂਟ' ਵਾਲੀ ਰੀਵੀਓ ਏਜੰਸੀ' ਭੀ ਖਤਮ ਕਰ ਦਿੱਤੀ। ਜਿਸ ਨਾਲ ਕਿ ਬਾਹਰਲੀਆਂ ਬਹੁ-ਕੌਮੀ ਕੰਪਨੀਆਂ ਦੀ ਜ਼ਰੂਰਤ ਹੋਰ ਵਧੀ ਹੈ। ਫਲੈਚਰ ਚੈਲੰਜ ਜੋਕਿ ਨਿਊਜ਼ੀਲੈਂਡ ਦੀ ਕੰਪਨੀ ਹੈ ਤੇ ਬ੍ਰਿਟਿਸ ਕੁਲੰਬੀਆ ਵਿਚ ਲਕੜ ਖੇਤਰ ਵਿਚ ਹੋਰ ਕੰਪਨੀਆਂ ਨੂੰ ਖਰੀਦ ਕੇ ਆਪਣੀ ਇਜਾਰੇਦਾਰੀ ਸਥਾਪਤ ਕਰ ਲਈ ਜੋ ਕਿ ਵਰਕਰਾਂ ਦੇ ਹੱਕਾਂ ਵਿਚ ਨਹੀਂ ਜਾਂਦੀ।

ਕੈਨੇਡਾ ਵਿਚ ਜੰਗਲ ਪਬਲਿਕ ਦੀ ਮਲਕੀਅਤ ਹਨ ਅਤੇ ਇਨਾਂ ਦੀ ਲਗਵਾਈ, ਸੰਭਾਲ ਆਦਿਕ ਤੇ ਵੀ ਪਬਲਿਕ ਦਾ ਧੰਨ ਖਰਚ ਹੁੰਦਾ ਹੈ। ਸਰਕਾਰ ਇਹਨਾਂ ਵੱਡੀਆਂ ਕੰਪਨੀਆਂ ਨੂੰ ਦਰੱਖਤ ਕੱਟਣ ਦੇ ਲਾਇਸੰਸ ਦਿੰਦੀ ਹੈ ਅਤੇ ਉਹ ਇਹਨਾਂ ਤੋਂ ਸਟੰਪੇਜ ਫੀਸ ਦੇ ਤੌਰ ਤੇ ਚਾਰਜ ਕਰਦੀ ਹੈ। ਇਹਨਾਂ ਕੁਦਰਤੀ ਸੋਮਿਆਂ ਦੀ ਇਹ ਕੰਪਨੀਆਂ ਆਪਣੀ ਮਰਜ਼ੀ ਨਾਲ ਕਟਾਈ ਕਰਦੀਆਂ ਹਨ ਅਤੇ ਇਹਨਾਂ ਦਾ ਪੂਰਾ ਫਾਇਦਾ ਵੀ ਨਹੀਂ ਉਠਾਇਆ ਜਾਂਦਾ। ਇਹਨਾਂ ਵੱਡੀਆਂ ਕੰਪਨੀਆਂ ਦੇ ਰਹਿਮ ਤੇ ਛੋਟੀਆਂ ਕੰਪਨੀਆਂ ਹਨ ਕਿਉਂਕਿ ਉਹਨਾਂ ਪਾਸ ਟਰੀ ਫਾਰਮ ਲਾਇਸੰਸ ਨਹੀਂ ਹਨ। ਇਹ ਵੀ ਆਮ ਹੈ ਕਿ ਇਹ ਕੰਪਨੀਆਂ ਹੋਰ ਮਿਲਾਂ ਲਗਾਉਣ ਤੋਂ ਪਹਿਲਾਂ ਹੋਰ ਦਰਖਤ ਕੱਟਣ ਦੇ ਲਾਇਸੰਸ ਪ੍ਰਾਪਤ ਕਰ ਲੈਂਦੀਆਂ ਹਨ। ਪਰਤੂੰ ਜਦੋਂ ਇਹ ਮਿਲਾਂ ਬੰਦ ਕਰ ਦਿੰਦੀਆਂ ਹਨ ਅਤੇ ਕਾਮਿਆਂ ਨੂੰ ਨੌਕਰੀ ਤੋਂ ਜਵਾਬ ਦੇ ਦਿੰਦੀਆਂ ਹਨ ਤਾਂ ਇਹ ਟਰੀ ਫਾਰਮ ਲਾਇਸੰਸ ਇਹਨਾਂ ਦੇ ਪਾਸ ਫਿਰ ਵੀ ਰਹਿੰਦੇ ਹਨ। ਇਸੇ ਹੀ ਸੰਬੰਧ ਵਿਚ ਚਿਰਾਂ ਤੋਂ ਅਵਾਜ਼ ਉਠ ਰਹੀ ਹੈ ਕਿ ਪਬਲਿਕ ਦੀ ਮਾਲਕੀ ਦੇ ਸੋਮਿਆਂ ਦਾ ਇਹਨਾਂ ਕੰਪਨੀਆਂ ਨੂੰ ਲੁੱਟਣ ਦਾ ਕੀ ਅਧਿਕਾਰ ਹੈ। ਜੇਕਰ ਇਹ ਕੋਈ ਮਿਲ ਬੰਦ ਕਰਦੇ ਹਨ ਜਾਂ ਕਾਮਿਆਂ ਨੂੰ ਨੌਕਰੀ ਤੋਂ ਜਵਾਬ ਦਿੰਦੇ ਹਨ ਤਾਂ ਫੌਰਨ ਇਨਾਂ ਦਾ ਦਰਖਤ ਕੱਟਣ ਦਾ ਲਾਇਸੰਸ ਉਸੇ ਹਿਸਾਬ ਨਾਲ ਘਟਾ ਦੇਣਾ ਚਾਹੀਦਾ ਹੈ। ਅਸੀਂ ਤਾਂ ਇਸ ਰਾਇ ਦੇ ਹਾਂ ਕਿ ਜੰਗਲ ਜੋ ਕਿ ਪਬਲਿਕ ਦੀ ਮਾਲਕੀ ਹੇਠ ਹਨ ਤੇ ਕੰਟਰੋਲ ਭੀ ਪਬਲਿਕ ਦਾ ਹੀ ਹੋਣਾ ਚਾਹੀਦਾ ਹੈ ਅਤੇ ਇਸ ਦਾ ਸਾਰਾ ਲਾਭ ਭੀ ਪਬਲਿਕ ਨੂੰ ਹੀ ਹੋਣਾ ਚਾਹੀਦਾ ਹੈ।

ਕੰਪਨੀਆਂ ਕਈ ਤਰਾਂ ਦੇ ਬਹਾਨੇ ਬਣਾ ਕੇ ਕਈ ਤਰ੍ਹਾਂ ਦੇ ਗਰੇਡ ਦੀਆਂ ਲੌਗਾਂ ਬਾਹਰਲੇ ਦੇਸ਼ਾਂ ਨੂੰ ਭੇਜ ਰਹੀਆਂ ਹਨ ਅਤੇ ਬੀ. ਸੀ. ਦੀ ਸਰਕਾਰ ਇਸ ਦੀ ਇਜ਼ਾਜ਼ਤ ਦਿੰਦੀ ਹੈ। ਇਹ ਕਹਿਣਾ ਕਿ ਵਧੀਆ ਗਰੇਡ ਦੀਆਂ ਲੌਗਾ ਨਹੀਂ ਮਿਲਦੀਆਂ ਤਾਂ ਕਰਕੇ ਮਿਲਾਂ ਬੰਦ ਹੋ ਰਹੀਆਂ ਹਨ, ਸਰਕਾਰ ਗਲਤ ਹੈ।

ਜੰਗਲਾਂ ਦੀ ਮੈਂਨਜਮੈਂਟ ਤੇ ਫਿਰ ਬਹਿਸ ਚੱਲ ਰਹੀ ਹੈ ਅਤੇ ਇਸਨੂੰ ਹੋਰ ਤੇਜ਼ ਕੀਤਾ ਜਾਣਾ ਚਾਹੀਦਾ ਹੈ ਅਤੇ ਲੰਬੇ ਸਮੇਂ ਦੇ ਪਲਾਨ ਲਈ ਪਬਲਿਕ ਨੂੰ ਸਾਰੀ ਸਥਿਤੀ ਤੋਂ ਜਾਣੂ ਕਰਨ ਵੱਲ ਧਿਆਨ ਦੇਣਾ ਵੀ ਜ਼ਰੂਰੀ ਹੈ। ਇਸ ਤਰ੍ਹਾਂ ਦੇ ਲੇਅ-ਆਫ ਆਮ ਹੀ ਹੋ ਜਾਣੇ ਹਨ। ਜਿਸ ਤੇਜ਼ੀ ਨਾਲ ਇੱਕ ਕੰਪਨੀ ਦੂਜੀ ਕੰਪਨੀ ਨੂੰ ਖਰੀਦ ਜਾਂ ਮਿਲ ਰਹੀ ਹੈ ਇਹ ਵੱਡੀ ਮਨਾਪਲੀ ਦਾ ਟਰੈਂਡ ਹੋਰ ਵੱਧ ਰਿਹਾ ਹੈ। ਵੁਡਵਰਕਰਜ਼ ਯੂਨੀਅਨ ਨੂੰ ਭੀ ਆਪਣੀ ਮੈਂਬਰਸ਼ਿਪ ਨੂੰ ਸਾਰੀ ਸਥਿਤੀ ਤੋਂ ਜਾਣੂ ਕਰਵਾਉਣ ਲਈ ਸਪੈਸ਼ਲ ਮੀਟਿੰਗਾਂ, ਲਿਟਰੇਚਰ ਅਤੇ ਹੋਰ ਕਦਮ ਚੁੱਕਣੇ ਚਾਹੀਦੇ ਹਨ।

ਬ੍ਰਿਟਿਸ਼ ਕੁਲੰਬੀਆ ਦੀ ਸਰਕਾਰ ਤੋਂ ਅਸੀਂ ਮੰਗ ਕਰਦੇ ਹਾਂ ਕਿ ਉਹ ਫਲੈਚਰ ਚੈਲਿੰਗ ਵਲੋਂ ਵਿਕਟੋਰੀਆ ਮਿਲ ਨੂੰ ਬੰਦ ਕਰਨ ਅਤੇ ਯੂਬੋ ਮਿਲ ਅਤੇ ਟਿਲਬਰੀ ਡੈਲਟਾ ਵਾਲੀ ਮਿਲ ਵੀ ਇੱਕ ਸ਼ਿਫਟ ਘਟਾਉਣ ਨਾਲ ਜੋ ਵਰਕਰ ਵਿਹਲੇ ਹੋ ਰਹੇ ਹਨ ਨੂੰ ਰੋਕਿਆ ਜਾਵੇ। ਇਨਾਂ ਕੰਪਨੀਆਂ ਨੂੰ ਦਿੱਤੇ ਲਾਇਸੰਸ ਕੱਟੇ ਜਾਣ ਅਤੇ ਨਵੇਂ ਲਾਇਸੰਸ ਦੇਣ ਤੇ ਸ਼ਰਤ ਲਗਾਈ ਜਾਵੇ ਅਤੇ ਲੌਗਾ ਬਾਹਰ ਭੇਜਣ ਤੇ ਪਾਬੰਦੀ ਲਾਈ ਜਾਵੇ। ਅੱਜ ਜੇਕਰ ਇੱਕ ਕਾਮਾ ਕੰਮ ਤੋਂ ਵਿਹਲਾ ਹੋ ਰਿਹਾ ਹੈ ਤਾਂ ਕਲ ਨੂੰ ਹੋਰ ਦੀ ਵੀ ਵਾਰੀ ਆ ਸਕਦੀ ਹੈ। ਸੋ ਇਹ ਸਾਰਿਆਂ ਦਾ ਸਾਂਝਾ ਮਸਲਾ ਹੈ। ਇਸ ਤੇ ਸਾਂਝੀ ਤੌਰ ਤੇ ਆਵਾਜ਼ ਬੁਲੰਦ ਕਰੀਏ।

GM Canada

**WHEATON**

**PONTIAC BUICK GMC LTD.**

**Bus: 526-2781 Res: 524-4137**

**325—12th St., New Westminster, B.C.**



**Pager 687- 7711 #7610**



**Kuldip S. Jhand**

ਸਾਡੇ ਕੋਲ ਬਹੁਤ ਸਾਰੀਆਂ ਕਾਰਾਂ, ਵੈਨਾਂ, ਪਿਕ-ਅੱਪ ਆਦਿ ਹਨ — ਕੀਮਤਾਂ ਸਭ ਨਾਲੋਂ ਵਾਜਬ ਹਨ। ਕਾਰਾਂ, ਵੈਨਾਂ ਤੇ ਪਿਕ-ਅੱਪ ਖ੍ਰੀਦਣ ਜਾਂ ਵੇਚਣ ਤੋਂ ਪਹਿਲਾਂ ਇਕ ਵਾਰ ਕੁਲਦੀਪ ਝੰਡ ਨੂੰ ਮਿਲੋ ਜਾਂ ਫੋਨ ਕਰੋ। ਉਹ ਤੁਹਾਨੂੰ ਚੰਗੀ ਕੀਮਤ ਦਾ ਭਰੋਸਾ ਦਵਾਉਂਦੇ ਹਨ।

# ਅਤਿਵਾਦੀ, ਮੂਲਵਾਦੀ ਅਤੇ ਨਾਵਲ਼ਕਾਰ ਰਸ਼ਡੀ

ਭਾਰਤ ਦੇ ਜੰਮੇ, ਬਰਤਾਨਵੀ ਸ਼ਹਿਰ ਰਸ਼ਡੀ ਨੇ ਕਈ ਨਾਵਲ ਲਿਖੇ ਹਨ। ਪਹਿਲਾਂ ਇਸ ਵਿਚ ਭਾਬਤ ਦੀ ਮਹਿਰੂਮ (ਉਸ ਸਮੇਂ ਜਿਊਂਦੀ) ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਨੁਕਤਾਚੀਨੀ ਸੀ ਅਤੇ ਫਿਰ ਦੂਜੇ ਪਾਸੇ ਪਾਕਿਸਤਾਨ ਦੇ ਸੱਤਾ ਧਾਰੀਆਂ ਤੇ ਕਟਾਕਸ਼। ਇਸ ਨਵੇਂ ਨਾਵਲ 'ਸਤਾਨਿਕ ਵਰਸਿਜ਼' ਵਿਚ ਬਰਤਾਨੀਆਂ ਵਿਚ ਇਮੀਗਰੈਂਟਾਂ ਅਤੇ ਇਸਲਾਮ ਬਾਰੇ ਕਲਪਤ ਕਟਾਕਸ਼ ਹੈ। ਬਹੁਤ ਸਾਰੇ ਲੋਕਾਂ ਨੇਤਾਂ ਇਹ ਨਾਵਲ ਪੜਿਆ ਹੀ ਨਹੀਂ। ਪਰ ਮੂਲਵਾਦੀ ਅਤੇ ਕੱਟੜਪੰਥੀ ਫਿਰਕੂ ਜਾਨੂੰਨੀ ਮੁਸਲਿਮ ਨੇਤਾਵਾਂ ਅਤੇ ਖਾਸ ਕਰ ਈਰਾਨ ਦੇ ਲੋਕ ਵਿਰੋਧ ਖੁਮੇਨੀ ਨੇ ਤਾਂ ਖੂਬ ਜ਼ਹਿਰ ਉਗਲੀ ਹੈ ਅਤੇ ਨਾਵਲਕਾਰ ਰਸ਼ਡੀ ਦੇ ਕਤਲ ਲਈ ਸੱਠ ਲੱਖ ਡਾਲਰ ਦਾ ਇਨਾਮ ਭੀ ਰੱਖਿਆ ਹੈ।

ਕਿੰਨੀ ਘਿਨਾਉਣੀ ਅਤੇ ਵਹਿਸ਼ੀ ਗੱਲ ਹੈ ਕਿ ਫਿਰਕੂ ਜਾਨੂੰਨੀ ਮੁੱਠੀ ਭਰ ਲੋਕ, ਆਮ ਲੋਕਾਂ ਦੇ ਜਮਹੂਰੀ ਹੱਕਾਂ ਨੂੰ ਖੋਹਣਾ ਚਾਹੁੰਦੇ ਹਨ। ਨਾਵਲ ਜਾਂ ਕਹਾਣੀ ਲਿਖਣ ਤੇ ਪਾਬੰਦੀ ਚਾਹੁੰਦੇ ਹਨ। ਇਥੋਂ ਤੱਕ ਕਿ ਦੂਜੇ ਦੇਸ਼ਾਂ ਦੇ ਲਿਖਾਰੀਆਂ ਦੀਆ ਲਿਖਤਾਂ ਨੂੰ ਆਪਣੀ ਜ਼ਹਿਰ ਤੇ ਸੰਖੀਏ ਅਨੁਸਾਰ ਢਾਲਣਾ ਚਾਹੁੰਦੇ ਹਨ। ਅੱਤਵਾਦੀ ਤੇ ਕੱਟੜਪੰਥੀ ਭਾਵੇਂ ਕਿਸੇ ਭੀ ਧਰਮ ਦੇ ਹੋਣ ਅੰਤਮ ਤੌਰ ਤਹੈ ਉਹਨਾਂ ਦਾ ਬੁਨਿਆਦਾਂ ਖਾਸ ਇੱਕੋ ਜਿਹਾ ਹੀ ਹੈ। ਉਹ ਲੋਕ ਰਾਏ, ਜਮਹੂਰੀਅਤ, ਅਗਾਂਹ ਵਧੂ ਲੋਕ ਹਿਤੂ ਵਿਚਾਰ ਤੇ ਕਰਮ ਨੂੰ ਸਹਿਣ ਕਰਨ ਨੂੰ ਤਿਆਰ ਨਹੀਂ। ਉਹ ਅੰਧ ਵਿਸ਼ਵਾਸ਼ ਨੂੰ ਆਪਣੇ ਲਈ ਵਰਤਦੇ ਅਤੇ ਇਸ ਰਾਹੀਂ ਲੋਕਾਂ ਨੂੰ ਗੁੰਮਰਾਹ ਕਰਨ ਦਾ ਯਤਨ ਕਰਦੇ ਹਨ। ਜੇ ਉਵੇਂ ਮਰਜ਼ੀ ਨਾ ਚੱਲੇ ਤਾਂ ਫਿਰ ਫਿਰਕੂ ਜਹਾਦ ਖੜੇ ਕਰਦੇ ਹਨ। ਡਰਾਵੇ, ਧਮਕੀਆਂ ਅਤੇ ਹਿੰਸਕ ਕਾਰਵਾਈਆਂ ਕਰਨ ਕਰਾਉਣ ਤੱਕ ਜਾਂਦੇ ਹਨ। ਮਨੁਖਤਾ ਤੇ ਮਨੁੱਖੀ ਹੱਕਾਂ ਨੂੰ ਛਿੱਕੇ ਤੇ ਟੰਗ, ਆਪਣੀ ਮੰਨ ਮਾਨੀ ਚਾਹੁੰਦੇ ਹਨ। ਮੂਲਵਾਦੀ ਖੁਮੇਨੀ ਨੇ ਤਾਂ ਅੰਤਰ-ਰਾਸ਼ਟਰੀ ਅਸੂਲਾਂ ਇਨਸਾਨੀ ਭਾਈਚਾਰੇ ਅਤੇ ਜਮਹੂਰੀ ਕਦਰਾਂ ਕੀਮਤਾਂ ਦਾ ਕਤਲ ਕਰਦੇ ਹੋਏ ਸ੍ਰੀ ਰਸ਼ਡੀ ਦੇ ਕਤਲ ਦਾ ਹੁਕਮ ਦਿੱਤਾ ਹੈ। ਇਹ ਤਾਂ ਜੰਗਲ ਦੇ ਨਿਯਮ ਵਾਲੀ ਗੱਲ ਹੈ।

ਇਸ ਤੋਂ ਅੱਗੇ ਇਹ ਭੀ ਹੈਰਾਨੀ ਭਰੀ ਗੱਲ ਹੈ ਕਿ ਬਰਤਾਨੀਆਂ ਤੇ ਕੈਨੇਡਾ ਵਰਗੇ ਦੇਸ਼ਾ, ਖੁਮੇਨੀ ਵਰਗੇ ਲੋਕ ਦੁਸ਼ਮਣ ਕੱਟੜਪੰਥੀ ਨੂੰ ਬੇਨਤੀਆਂ ਕਰ ਰਹੇ ਹਨ ਕਿ ਉਹ ਕਤਲ ਦੀ ਧਮਕੀ ਨੂੰ ਵਾਪਸ ਲੈ ਲਵੇ। ਭਾਰਤ ਨੇ ਕਿਤਾਬ ਤੇ ਪਾਬੰਦੀ ਲਾ ਕੇ ਫਿਰਕੂ ਜਨੂੰਨੀਆਂ ਦੀ ਸਹਾਇਤਾ ਕੀਤੀ ਹੈ। ਕਿਤਾਬਾਂ ਦੀਆਂ ਕੁਝ ਦੁਕਾਨਾਂ ਵਾਲਿਆਂ ਵਲੋਂ ਰਸ਼ਡੀ ਦਾ ਨਾਵਲ ਵੇਚਣ ਤੋਂ ਨਾਂਹ ਅਤੇ ਦੁਕਾਨਾਂ ਤੋਂ ਚੁਕਵਾ ਦੇਣਾ, ਜਮਹੂਰੀਅਤ ਅਤੇ ਲਿਖਤਾਂ ਦੀਆਂ ਚੰਗੀਅ
ਪਿਰਤਾਂ ਦੀ ਬੇ-ਇੱਜ਼ਤੀ ਕਰਨਾ ਹੈ। ਇਹੋ ਜਿਹੇ ਕਿਤਾਬਾਂ ਦੇ ਦੁਕਾਨਦਾਰਾਂ
ਨਿੰਦਣਾ ਜ਼ਰੂਰੀ ਹੈ। ਕਨੇਡੀਅਨ ਸਰਕਾਰ ਦਾ ਡਿੱਕੇ-ਡੋਲੇ ਖਾਂਦੇ ਹੋਏ, ਆਖਿ
ਵਿਚ ਇਸ ਨਾਵਲ ਤੇ ਪਾਬੰਦੀ ਨਾ ਲਾਉਣਾ ਅਤੇ ਈਰਾਨ ਨਾਲ ਰਾਜਨੀਤ
ਸੰਬੰਧਾਂ ਤੇ ਤੋੜਨ ਦੀ ਵਿਚਾਰ ਆਦਿ ਚੰਗੇ ਪਾਸੇ ਨੂੰ ਗੱਲ ਹੈ।

ਅੱਤਵਾਦੀ,ਮੂਲਵਾਦੀ ਤੇ ਕੱਟੜ ਪੰਥੀ ਭਾਵੇਂ ਕਿਸੇ ਦੇਸ਼ ਤੇ ਕਿਸੇ
ਧਰਮ ਦਾ ਹੋਵੇ, ਉਸ ਦੀਆਂ ਧਮਕੀਆਂ, ਹਿੰਸਕ ਕਾਰਵਾਈਆਂ ਅ
ਘਿਨਾਉਣੀਆਂ ਹਰਕਤਾਂ ਨੂੰ ਕਿਸੇ ਨੂੰ ਸਹਿਣ ਨਹੀਂ ਕਰਨਾ ਚਾਹੀਦਾ। ਭ
ਉਸ ਦੇ ਵਿਰੁੱਧ ਆਵਾਜ਼ ਉਠਾਉਣੀ ਜ਼ਰੂਰੀ ਹੈ। ਜੋ ਵਿਅਕਤੀ ਆਵਾਜ਼ ਨ
ਉਠਾਉਂਦਾ, ਉਹ ਭੀ ਟੇਡੇ ਢੰਗ ਨਾਲ ਉਸ ਫਿਰਕੂ ਜਨੂੰਨੀ ਦੇ ਹੱਕ ਵਿਚ
ਭੁਗਤਦਾ ਹੈ। ਇਹ ਸਭ ਅਸੀਂ ਆਪਣੇ ਭਾਈਚਾਰੇ ਵਿਚ ਕੈਨੇਡਾ, ਅਮਰੀਕਾ
ਕੈਨੇਡਾ ਅਤੇ ਪੰਜਾਬ ਵਿਚ ਵਾਪਰਦਾ ਵੇਖਿਆ ਹੈ। ਪਰ ਨਾਲ ਹੀ ਇਹ
ਵਿਰੁੱਧ ਆਪਣੇ ਸਾਥੀ ਅਤੇ ਦੇਸ਼, ਲੋਕ ਅਤੇ ਜਮਹੂਰੀਅਤ ਦੇ ਹਤੈਸ਼ੀ, ਸਿਰ ਤ
ਤੇ ਰੱਖ ਕੇ ਖੜਦੇ, ਘੋਲ ਕਰਦੇ ਤੇ ਸ਼ਹੀਦ ਹੁੰਦੇ ਵੀ ਵੇਖਦੇ ਹਾਂ। ਸੋ ਇਸ ਹੀ ਤ
ਫਿਰਕੂ ਜਨੂੰਨੀ ਖੁਮੈਨੀ ਤੇ ਉਸ ਦੇ ਪਿਛਲੱਗਾ ਦਾ ਖੰਡਨ ਕਰਨਾ ਅਤੀ ਜ਼ਰੂਰ
। ਧਰਮ ਤਾਂ ਜਾਤੀ ਤੇ ਵਿਅਕਤੀ ਦੇ ਅੰਦਰਲਾ ਮਾਮਲਾ ਤੇ ਆਪਣੀ ਆਤਮਾ
ਗੱਲ ਹੈ। ਪਰ ਆਪਣੇ ਧਾਰਮਕ ਵਿਸ਼ਵਾਸ਼ਾਂ ਨੂੰ ਦੂਜੇ ਉਪਰ ਲੱਦਣਾ ਅਤੇ ਦੂਜ
ਉਸ ਬਾਰੇ ਵਿਚਾਰ ਹੀ ਨਾ ਕਰਨ ਦੇਣੀ, ਹਿਟਲਰ ਸ਼ਾਹੀ ਤੇ ਤਾਨਾਸ਼ਾਹੀ ਹੈ

ਅਮਰੀਕਾ ਦੇ ਨੌਰਮਨ ਮੇਲਰ, ਕੈਨੇਡਾ ਦੀ ਲਿਖਾਰੀ ਸਭਾ ਦੇ ਪ੍ਰਧ
ਅਤੇ ਕੈਨੇਡਾ ਦੀ ਲਿਖਾਰੀ ਯੂਨੀਅਨ ਦੀ ਸਿਆਸੀ ਐਕਸ਼ਨ ਕਮੇਟੀ ਦੇ ਪ੍ਰਧ
ਸਟੈਨ ਪਰਸਕੀ ਅਤੇ ਇੰਗਲੈਂਡ ਆਦਿ ਦੇ ਲਿਖਾਰੀਆਂ ਨੇ ਲਿਖਾਰੀ
ਆਜ਼ਾਦੀ ਲਈ ਸਟੈਂਡ ਲਿਆ ਹੈ।

ਪਰ ਨਾਲ ਹੀ ਰਸ਼ਡੀ ਦੇ ਇਸ ਨਾਵਲ ਨੇ ਧਾਰਮਿਕ ਜਨੂੰਨੀਆਂ
ਸਾਮਰਾਜ ਦੀ ਲੋਕ ਵਿਰੋਧੀ ਖੇਡ ਨੂੰ ਹੋਰ ਭੜਕਾਇਆ ਤੇ ਮਜ਼ਬੂਤ ਕੀਤਾ
ਸਾਮਰਾਜੀ ਤੇ ਮੂਲਵਾਦੀ ਤਾਂ ਆਪ ਇਹੋ ਜਿਹੇ ਪਰਪੰਚ ਰਚਾਉਣਾ ਚਾਹੁੰਦੇ
ਅਤੇ ਰਸ਼ਡੀ ਦੇ ਇਸ ਨਾਵਲ ਨੇ ਮੂਲਵਾਦ ਦੀ ਆਪ ਹੀ ਸੇਵਾ ਕਰ ਦਿੱਤੀ


ROYAL FURNITURE LTD

2607 MAIN STREET (at 10th. AVE.) VANCOUVER, B.C

TEL. 874-9525

ਵੈਨਕੂਵਰ ਵਿਚ ਭਾਰਤੀਆਂ ਦਾ ਫਰਨੀਚਰ ਸਟੋਰ

ਟੌਪ ਕੁਆਲਿਟੀ ਦਾ ਫਰਨੀਚਰ ਤੇ ਵਾਜਿਬ ਕੀਮਤਾਂ

ਆਓ ਤੇ ਅਜ਼ਮਾ ਕੇ ਦੇਖੋ




ROYAL FURNITURE

● ਲਿਵਿੰਗ ਰੂਮ ● ਡਾਇਨਿੰਗ ਰੂਮ
● ਬੈਡ ਰੂਮ ਅਤੇ
ਹਰ ਕਿਸਮ ਦਾ ਫਰਨੀਚਰ ਸਾਥੋਂ ਖ੍ਰੀਦੋ

ਰੌਇਲ ਫਰਨੀਚਰ ਲਿ

# ਫਰੀ ਟਰੇਡ ਅਤੇ ਸਮਾਜਿਕ ਸੇਵਾਵਾਂ

ਅਸੀਂ ਅੱਗੇ ਵੀ ਅਮਰੀਕਾ ਕੈਨੇਡਾ ਦੀ ਫਰੀ ਟਰੇਡ ਬਾਰੇ ਲਿਖ ਚੁੱਕੇ ਹਾਂ ਕਿ ਇਹ ਸਮਝੌਤਾ ਕੈਨੇਡਾ ਦੇ ਲੋਕਾਂ ਅਤੇ ਕਨੇਡੀਅਨ ਪ੍ਰਭੁਸੱਤਾ ਦੇ ਵਿਰੁੱਧ ਹੈ। ਅਮਰੀਕਾ ਦਾ ਕਨੇਡੀਅਨ ਆਰਥਕਤਾ ਦੇ 68 ਫੀ ਸਦੀ ਉਪਰ ਕਬਜ਼ਾ ਹੈ। ਪਰ ਇਸ ਸਮਝੌਤੇ ਨਾਲ ਤਾਂ ਅਮਰੀਕਾ ਦਾ ਪੂਰਾ ਬੋਲ ਬਾਲਾ ਹੋਵੇਗਾ। ਫੈਕਟਰੀਆਂ ਦਾ ਬੰਦ ਹੋਣਾ, ਖੇਤੀ ਬਾੜੀ ਵਿਚ ਕਟੌਤੀ, ਅਤੇ ਬੇ-ਰੋਜ਼ਗਾਰੀ ਵਿਚ ਵਾਧੇ ਬਾਰੇ ਭਾਵੇਂ ਟੋਰੀ ਸਰਕਾਰ ਮੰਨਦੀ ਨਹੀਂ ਸੀ ਪਰ ਹੁਣ ਤਾਂ ਟੋਰੀ ਸਰਕਾਰ ਪ੍ਰਦਾਨ ਕਰ ਰਹੀ ਹੈ ਕਿ ਬੇ-ਰੁਜ਼ਗਾਰੀ ਹੋਰ ਵਧੇਗੀ।

ਅਸੀਂ ਤੇ ਹੋਰ ਜਥੇਬੰਦੀਆਂ ਨੇ ਅਕਤੂਬਰ 1988 ਵਿਚ ਲਿਖਿਆ ਸੀ ਕਿ ਫਰੀ ਟਰੇਡ ਦਾ ਸਮਾਜਿਕ ਸੇਵਾਵਾਂ ਤੇ ਮਾਰੂ ਅਸਰ ਹੋਵੇਗਾ। ਅਮਰੀਕਾ ਵਿਚ ਸਮਾਜਿਕ ਸੇਵਾਵਾਂ ਘੱਟ ਹਨ ਅਤੇ ਫਰੀ ਟਰੇਡ ਦੇ ਅਨੁਸਾਰ, ਅਮਰੀਕਾ ਚਾਹੇਗਾ ਕਿ ਇਹ ਸੇਵਾਵਾਂ ਘਟਾਈਆਂ ਜਾਣ ਤਾਂ ਕਿ ਅਮਰੀਕਾ ਦੇ ਬਰਾਬਰ ਹੀ ਹੋਵੇ। ਅਮਰੀਕਾ ਪਾਸ ਹੱਕ ਹੈ ਕਿ ਉਹ ਹਸਪਤਾਲਾਂ, ਸਮਾਜਿਕ ਏਜੰਸੀਆਂ ਆਦਿ ਵਿਚ ਬੋਲੀ ਦੇ ਕੇ ਠੇਕੇ ਲੈ ਸਕਦਾ ਹੈ। ਇਨ੍ਹਾਂ ਨੂੰ ਮੁਨਾਫੇ ਲਈ ਵਰਤ ਸਕਦਾ ਹੈ। ਕੈਨੇਡਾ ਦੇ ਵਪਾਰੀਆਂ ਦੇ ਪ੍ਰਧਾਨ ਨੇ ਕੁਝ ਸਮਾਂ ਪਹਿਲਾਂ ਵੀ ਆਖਿਆ ਸੀ ਕਿ ਸਿੱਕੇ ਦੇ ਫੈਲਾਅ ਨੂੰ ਰੋਕਣ ਅਤੇ ਬੱਜਟ ਦੇ ਘਾਟੇ ਨੂੰ ਥੋੜਾ ਕਰਨ ਲਈ ਸਮਾਜਿਕ ਸੇਵਾਵਾਂ ਉਪਰ ਖਰਚ ਘਟਾਉ। ਪਿਛਲੇ ਸਾਲ ਉਹ ਪ੍ਰਧਾਨ ਆਖਣ ਲੱਗਾ ਉਸ ਦਾ ਇਹ ਭਾਵ ਨਹੀਂ ਸੀ।

ਪਰ ਹੁਣ ਫਿਰ ਬਿੱਲੀ ਥੈਲੇ ਵਿਚੋਂ ਬਾਹਰ ਆ ਗਈ ਹੈ। ਉਸ ਨੇ ਦੋਬਾਰਾ ਆਖਣਾ ਆਰੰਭਿਆ ਹੈ ਕਿ ਪਸਾਰੇ ਦੇ ਬੱਜਟ ਨੂੰ ਘਟਾਉਣ ਲਈ ਸਮਾਜਿਕ ਸੇਵਾਵਾਂ ਤੇ ਕੁਹਾੜਾ ਚਲਾਉਣਾ ਜ਼ਰੂਰੀ ਹੈ। ਹੁਣ ਲੋਟੂ ਧਨੀ ਤਾਂ ਸਭ ਅਦਾਰੇ ਆਪਣੇ ਮੁਨਾਫੇ ਲਈ ਪ੍ਰਾਈਵੇਟ ਚਾਹੁੰਦੇ ਹਨ। ਇਹਨਾਂ ਧਨੀਆਂ ਨੂੰ ਸਮਾਜਿਕ ਸੇਵਾਵਾਂ ਉਪਰ ਲੋਕ ਭਲਾਈ ਲਈ ਸਾਧਾਰਨ ਸੇਵਾਵਾਂ ਉਪਰ ਖਰਚ ਤਾਂ ਰੜਕਦਾ ਹੈ ਪਰ ਇਨਾਂ ਦੇ ਆਪਣੇ ਅਥਾਹ ਮੁਨਾਫੇ ਨਹੀਂ ਦਿਸਦੇ। ਧਨੀਆਂ ਦੀ ਮੁਨਾਫੇ ਆਮ ਲੋਕਾਂ ਦੀ ਮਿਹਨਤ ਸ਼ਕਤੀ ਨੂੰ ਲੁੱਟ ਕੇ ਹੀ ਬਣਦੇ ਹਨ। ਅਤੇ ਹਿਹ ਇਹ ਅਜਾਈਂ ਤੇ ਪ੍ਰਾਈਵੇਟ ਧਨੀਆਂ ਦੀ ਜੇਬ ਵਿਚ ਜਾਂਦੇ ਮੁਨਾਫੇ ਸਿੱਕੇ ਦੇ ਫੈਲਾਅ ਵਿਚ ਭੀ ਵਾਧਾ ਕਰਦੇ ਹਨ। ਮੁਨਾਫੇਖੋਰਾਂ ਨੂੰ ਹਥਿਆਰਾਂ ਉਪਰ ਅਰਬਾਂ ਡਾਲਰਾਂ ਦੀ ਫਜ਼ੂਲ ਖਰਚੀ ਨਹੀਂ ਦਿੱਸਦੀ ਜੋ ਬੱਜਟ ਦੇ ਘਾਟੇ ਲਈ ਭੀ ਜ਼ਿੰਮੇਵਾਰੀ ਹੈ। ਇਸ ਤਰ੍ਹਾਂ ਮੁਨਾਫੇਖੋਰੀ। ਟੈਕਸਾਂ ਵਿਚ ਅਮੀਰਾਂ ਨੂੰ ਛੋਟ, ਧਨੀਆਂ ਨੂੰ ਗਰਾਟਾਂ ਤੇ ਪ੍ਰਾਈਵੇਟ ਕਰਣ ਆਦਿ। ਲੋਕ ਹਿਤਾਂ ਦੇ ਵਿਰੁੱਧ ਹਨ। ਇਸ ਹੀ ਤਰ੍ਹਾਂ ਬੇ-ਰੋਜ਼ਗਾਰੀ ਭੱਤੇ ਵਿਚ ਭਾਰੀ ਕਟੌਤੀ ਲਈ ਵੀ ਗੱਲ ਚੱਲ ਰਹੀ ਹੈ।

ਪਰ ਧਨੀਆਂ ਨੂੰ ਤਾਂ ਮਾੜੀਆਂ ਮੋਟੀਆਂ ਸਮਾਜਿਕ ਸੇਵਾਵਾਂ ਭੀ ਰੜਕਦੀਆਂ। ਉਹ ਚਾਹੁੰਦੇ ਹਨ ਕਿ ਇਹ ਖਤਮ ਅਤੇ ਜੋ ਰਹਿ ਜਾਣ, ਉਹ ਪ੍ਰਾਈਵੇਟ ਹੱਥਾਂ ਵਿਚ ਦਿੱਤੀਆਂ ਜਾਣ। ਬੱਚਿਆਂ ਦੇ ਡੇਅ ਕੇਅਰ ਲਈ ਕੌਮੀ ਪੈਮਾਨੇ ਉਤੇ ਪੈਸੇ ਖਰਚਣ ਦਾ ਨਾਅਰਾ ਕਰਕੇ ਸਰਕਾਰ ਦਾ ਫਿਰ ਪਿੱਛੇ ਹੱਟ ਜਾਣਾ ਲੋਕ ਹਿੱਤਾਂ ਦੇ ਵਿਰੁੱਧ ਤੇ ਧਨੀਆਂ ਦੇ ਹੱਕ ਵਿਚ ਹੈ। ਜੋ ਡੇਅ ਕੇਅਰ ਪ੍ਰਬੰਧ ਨੂੰ ਪ੍ਰਾਈਵੇਟ ਹੱਥਾਂ ਵਿਚ ਚਾਹੁੰਦੇ ਹਨ। ਕਿਉਂਕਿ ਇਹ ਸਰਕਾਰ ਧਨੀਆਂ ਦੀ ਨੁਮਾਇੰਦਗੀ ਕਰਦੀ ਹੈ, ਸੋ ਇਸ ਲਈ ਇਹ ਉਹਨਾਂ ਦੀ ਗੱਲ ਸੁਣਦੀ ਹੈ ਤੇ ਉਹਨਾਂ ਦੇ ਲਾਭ ਲਈ ਅਮਲ ਕਰਦੀ ਹੈ। ਹੁਣ ਧਨੀਆਂ ਵਲੋਂ ਸਮਾਜਿਕ ਸੇਵਾਵਾਂ ਨੂੰ ਘਟਾਉਣ ਦਾ ਨਾਅਰਾ, ਇਸ ਗੱਲ ਦਾ ਸੰਕੇਤ ਹੈ ਕਿ ਜੇਕਰ ਲੋਕਾਂ ਨੇ ਚੇਤੰਨ ਤੌਰ ਤੇ ਸਮਾਜਿਕ ਸੇਵਾਵਾਂ ਦੀ ਕਾਇਮੀ ਦੀ ਰਾਖੀ ਨਾ ਕੀਤੀ ਤਾਂ ਫਿਰ ਖਤਰਾ ਹੀ ਖਤਰਾ ਹੈ। ਅਸੀਂ ਫਿਰ ਚਿਤਾਵਨੀ ਦਿੰਦੇ ਹਾਂ ਕਿ ਸਭ ਨੂੰ ਰਲ ਕੇ ਫਰੀ ਟਰੇਡ ਦੇ ਵਿਰੋਧ ਵਿਚ ਅਤੇ ਸਮਾਜਿਕ ਸੇਵਾਵਾਂ ਉਪਰ ਵਪਾਰੀਆਂ ਤੇ ਅਮਰੀਕਾ ਵਲੋਂ ਹਮਲੇ ਨੂੰ ਹਰਾਉਣ ਲਈ ਯਤਨ ਕਰਨੇ ਜ਼ਰੂਰੀ ਹਨ।

# ਈਸਟ ਇੰਡੀਅਨ ਵਰਕਰਜ਼ ਐਸੋਸੀਏਸ਼ਨ ਆਫ ਕੈਨੇਡਾ ਵਲੋਂ ਪ੍ਰੈਸ ਰਿਲੀਜ਼:

ਈਸਟ ਇੰਡੀਅਨ ਵਰਕਰਜ਼ ਐਸੋਸੀਏਸ਼ਨ ਆਫਿ ਕੈਨੇਡਾ ਭਾਰਤ ਸਰਕਾਰ ਵਲੋਂ ਪੰਜਾਬ ਦੇ ਮਸਲੇ ਸੰਬੰਧੀ ਕੀਤੇ ਐਲਾਨ ਉਪਰ ਵਿਚਾਰ ਕਰਨ ਉਪਰੰਤ ਇਸ ਵਿਚਾਰ ਦੀ ਹੈ ਕਿ ਕੇਂਦਰੀ ਸਰਕਾਰ ਨੇ ਪੰਜਾਬ ਬਾਰੇ ਜੋ ਐਲਾਨ ਕੀਤਾ ਕਿ ਜੋਧਪੁਰ ਦੇ ਬੰਦੀਆਂ ਨੂੰ ਰਿਹਾਅ ਕੀਤਾ ਜਾ ਰਿਹਾ, ਪੰਜਾਬ ਦੇ ਤਿੰਨ ਜ਼ਿਲ੍ਹਿਆਂ ਨੂੰ ਛੱਡ ਕੇ ਗੜਬੜ ਵਾਲੇ ਇਲਾਕੇ ਦੇ ਐਲਾਨ ਨੂੰ ਖਤਮ ਕਰ ਦਿੱਤਾ ਹੈ। ਪੰਜਾਬ ਲਈ ਵੱਖਰੇ ਵੀਜ਼ੇ ਦੀ ਪਾਬੰਦੀ ਖਤਮ ਕਰ ਦਿੱਤੀ ਹੈ, ਆਦਿ ਦਾ ਸੁਆਗਤ ਕਰਦੀ ਹੈ ਪਰ ਇਸ ਨੂੰ ਕਾਫੀ ਨਹੀਂ ਸਮਝਦੀ।

ਐਸੋਸੀਏਸ਼ਨ ਉਪਰੋਕਤ ਐਲਾਨ ਨੂੰ, ਸਿਰਫ ਪਰਸ਼ਾਸ਼ਿਨਿਕ ਕਦਮਾਂ ਨੂੰ ਇੱਕ ਹੱਦ ਤੱਕ ਵਾਪਸ ਲੈਣਾ ਹੀ ਸਮਝ ਰਹੀ ਹੈ। ਇਸ ਐਲਾਨ ਵਿਚ ਪੰਜਾਬ ਬਾਰੇ ਕੋਈ ਵੀ ਰਾਜਨੀਤਕ ਹੱਲ ਵੱਲ ਕਦਮ ਨਹੀਂ ਪੁੱਟਿਆ ਗਿਆ। ਪੰਜਾਬੀ ਬੋਲਦੇ ਇਲਾਕੇ, ਪਾਣੀਆਂ ਦਾ ਮਸਲਾ, ਚੰਡੀਗੜ੍ਹ ਆਦਿ ਦਾ ਕਿਧਰੇ ਜ਼ਿਕਰ ਤੱਕ ਨਹੀਂ ਹੈ ਇਹ ਕਿੰਨੀ ਦੁਖ ਦੀ ਗੱਲ ਹੈ ਕਿ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨੇ ਮਰਹੂਮ ਸੰਤ ਹਰਚੰਦ ਸਿੰਘ ਲੌਂਗੋਵਾਲ ਨਾਲ ਕੀਤੇ ਸਮਝੌਤੇ ਉਤੇ ਦਸਖਤ ਕਰਕੇ ਉਸ ਨੂੰ ਚਾਰ ਸਾਲ ਪਿਛੋਂ ਤੱਕ ਅਮਲ ਵਿਚ ਨਹੀਂ ਲਿਆਂਦਾ। ਕੋਈ ਪ੍ਰਧਾਨ ਮੰਤਰੀ ਆਪਣੇ ਦਸਖਤ ਕਰਕੇ ਜੇਕਰ ਉਸ ਉਪਰ ਅਮਲ ਨਹੀਂ ਕਰਦਾ ਤਾਂ ਉਸ ਉਪਰ ਕੌਣ ਭਰੋਸਾ ਕਰ ਸਕਦਾ ਹੈ।

ਐਸੋਸੀਏਸ਼ਨ ਮੰਗ ਕਰਦੀ ਹੈ ਕਿ ਪੰਜਾਬ ਦਾ ਤੁਰੰਤ ਰਾਜਨੀਤਕ ਹੱਲ ਅਮਲ ਵਿਚ ਲਿਆਂਦਾ ਜਾਵੇ, ਅਤੇ ਭਾਰਤ ਜਾਣ ਲਈ ਭਾਰਤੀ ਪਿਛੋਕੜ ਦੇ ਲੋਕਾਂ ਤੋਂ ਵੀਜ਼ਾ ਵਾਪਸ ਲਿਆ ਜਾਵੇ।

ਵਲੋਂ

ਮਿਤੀ: 9 ਮਾਰਚ 1989 ਈਸਟ ਇੰਡੀਅਨ ਵਰਕਰਜ਼ ਐਸੋ: ਆਫਿ ਕੈਨੇਡਾ

# ਸ਼ੋਕ ਮਤਾ

ਈਸਟ ਇੰਡੀਅਨ ਵਰਕਰਜ਼ ਐਸੋਸੀਏਸ਼ਨ ਅਤੇ ਮਾਸਕ ਲੋਕਤਾ ਹਰਿਕਿਸ਼ਨ ਸਿੰਘ ਸੁਰਜੀਤ ਸਿੰਘ ਦੇ ਦਾਮਾਦ ਸਾਥੀ ਕਿਰਪਾਲ ਸਿੰਘ ਦੀ ਚੰਡੀਗੜ੍ਹ ਵਿਚ ਅਚਾਨਕ ਮਿਰਤੂ ਹੋਣ ਉਪਰ ਡੂੰਘੇ ਦੁੱਖ ਦਾ ਪ੍ਰਗਟਾ ਕਰਦੀ ਹੈ। ਸਾਥੀ ਕਿਰਪਾਲ ਸਿੰਘ ਚੰਡੀਗੜ੍ਹ ਵਿਚ ਹਾਈਕੋਰਟ ਦੇ ਵਕੀਲ ਸਨ। ਉਹ ਲੋਕ ਜਮਹੂਰੀ ਕਹਿਰ ਵਿਚ ਸਦਾ ਹੀ ਉੱਘਾ ਰੋਲ ਅਦਾ ਕਰਦੇ ਰਹੇ ਹਨ। ਅਸੀਂ ਸਾਥੀ ਸੁਰਜੀਤ ਦੇ ਇਸ ਦੁੱਖ ਵਿਚ ਸ਼ਾਮਲ ਹੁੰਦੇ ਹਾਂ।

ਐਸੋਸੀਏਸ਼ਨ ਸਾਥੀ ਬਲਬੀਰ ਸਿੰਘ ਜੌਹਲ ਦੇ ਪਿਤਾ ਦੀ ਕੈਂਸਰ ਦੇ ਮਾਰੂ ਰੋਗ ਕਾਰਨ ਹੋ ਗਈ ਮਿਰਤੂ ਉਪਰ ਡੂੰਘਾ ਦੁੱਖ ਪ੍ਰਗਟ ਕਰਦੀ ਹੈ। ਬਜ਼ੁਰਗ ਜੌਹਲ ਕੋਈ ਦੋ ਕੁ ਮਹੀਨੇ ਪਹਿਲਾਂ ਹੀ ਕੈਨੇਡਾ ਆਏ ਸਨ। ਐਸੋ: ਅਤੇ ਲੋਕਤਾ ਪ੍ਰਵਾਰ ਨਾਲ ਹਮਦਰਦੀ ਪਰਗਟ ਕਰਦੇ ਹਨ।

ਪਿਛਲੇਂ ਦਿਨੀਂ ਦੇਸ਼ ਧਰੋਹੀ ਅਤਿਵਾਦੀਆਂ ਵਲੋਂ, ਦੇਸ਼ ਦੀ ਏਕਤਾ, ਅਖੰਡਤਾ ਅਤੇ ਲੋਕਾਂ ਭਾਈਚਾਰਕ ਸਦਭਾਵਨਾ ਲਈ ਕੰਮ ਕਰਨ ਵਾਲੇ ਸਾਥੀ ਦੇਸ ਰਾਜ ਸਹੋਤਾ ਦੀ ਬੁਜ਼ਦਿਲਾਨਾ ਢੰਗ ਨਾਲ ਕੀਤੀ ਹੱਤਿਆ ਦੀ ਸਖਤ ਸ਼ਬਦਾਂ ਵਿਚ ਨਿਖੇਧੀ ਕਰਦੇ ਹਾਂ। ਸਾਮਰਾਜੀ ਏਜੰਟ ਕਮਿਊਨਿਸਟਾਂ ਨੂੰ ਡਰਾ ਕੇ ਦੇਸ਼ ਭਗਤੀ ਦੇ ਰਾਹ ਤੋਂ ਭਟਕਾਉਣਾ ਚਾਹੁੰਦੇ ਹਨ। ਪਰ ਉਨ੍ਹਾਂ ਨੂੰ ਇਹ ਪਤਾ ਨਹੀਂ ਕਿ ਕਮਿਊਨਿਸਟ ਇੱਕ ਖਾਸ ਮਿੱਟੀ ਦੇ ਬਣੇ ਹੁੰਦੇ ਹਨ। ਐਸੋਸੀਏਸ਼ਨ ਤੇ ਲੋਕਤਾ ਸਾਥੀ ਦੇ ਪਰਵਾਰ ਨਾਲ ਡੂੰਘੀ ਹਮਦਰਦੀ ਦਾ ਪਰਗਟਾ ਕਰਦੇ ਹਨ।

ਐਸੋਸੀਏਸ਼ਨ ਅਤੇ ਲੋਕਤਾ ਪੰਜਾਬ ਵਿਚ ਦੇਸ਼ ਦੀ ਏਕਤਾ ਅਖੰਡਤਾ ਦੀ ਰਾਖੀ ਕਰਦਿਆਂ ਹੋਰਨਾਂ ਸ਼ਹੀਦਾਂ ਅੱਗੇ ਸਿਰ ਝੁਕਾਉਂਦੇ ਹਨ ਅਤੇ ਅਤਿਵਾਦੀਆਂ ਵਲੋਂ ਹਜ਼ਾਰਾ ਬੇਗੁਨਾਹ ਲੋਕਾਂ ਦੇ ਮਾਰੇ ਜਾਣ ਉਪਰ ਉਨ੍ਹਾਂ ਦੀ ਸਖਤ ਨਿਖੇਧੀ ਕਰਦੇ ਹਨ ਅਤੇ ਮਾਰੇ ਗਏ ਲੋਕਾਂ ਦੇ ਪਰਵਾਰਾਂ ਨਾਲ ਹਮਦਰਦੀ ਦਾ ਇਜ਼ਹਾਰ ਕਰਦੇ ਹਨ।

# ਮਿਸਾਲੀ ਸ਼ਹਾਦਤ

ਬੀ. ਟੀ. ਰੰਧੀਵੇ

ਭਗਤ ਸਿੰਘ ਅਤੇ ਉਸਦੇ ਸਾਥੀ ਭਾਰਤੀ ਲੋਕਾਂ ਦੇ ਮਨਾਂ 'ਚ ਸਦਾ ਲਈ ਆਪਣੀ ਥਾਂ ਬਣਾ ਗਏ ਹਨ। ਉਹਨਾਂ ਦਿਨਾਂ ਦਾ ਕੋਈ ਵੀ ਦੂਸਰਾ ਇਨਕਲਾਬੀ ਲੋਕਾਂ ਦੇ ਮਨਾਂ 'ਚ ਹਮਦਰਦੀ, ਇਕਮੁਠਤਾ ਅਤੇ ਇਕਮਿਕਤਾ ਦੀਆਂ ਏਨੀਆਂ ਪੱਕੀਆਂ ਤੇ ਡੂੰਘੀਆਂ ਭਾਵਨਾਵਾਂ ਪੈਦਾ ਨਹੀਂ ਕਰ ਸਕਿਆ ਜਿੰਨੀਆਂ ਡੂੰਘੀਆਂ ਭਗਤ ਸਿੰਘ ਤੇ ਉਸਦੇ ਸਾਥੀਆਂ ਨੇ ਪੈਦਾ ਕੀਤੀਆਂ ਹਨ। ਭਗਤ ਸਿੰਘ ਅਤੇ ਉਸਦੇ ਸਾਥੀ ਲੋਕਾਂ ਦੀ ਚੇਤੰਨਤਾ ਦਾ ਇਕ ਹਿੱਸਾ, ਲੋਕਾਂ ਦੀਆਂ ਉਮੰਗਾਂ ਅਤੇ ਮਾਣ-ਸਤਿਕਾਰ ਦਾ ਸੂਚਕ ਤੇ ਗੁਲਾਮੀ ਦੇ ਖਾਤਮੇ ਦਾ ਪ੍ਰਤੀਕ ਬਣ ਗਏ। 1929 'ਚ ਲਹੌਰ 'ਚ ਭਗਤ ਸਿੰਘ ਅਤੇ ਉਸਦੇ ਸਾਥੀਆਂ ਉਤੇ ਚਲਾਏ ਜਾ ਰਹੇ ਮੁਕਦਮੇ ਦੇ ਨਾਜ਼ੁਕ ਦਿਨਾਂ ਦੌਰਾਨ ਜੀਵਨ ਦੇ ਸਾਰੇ ਖੇਤਰਾਂ ਦੇ ਲੋਕਾਂ—ਸਮਾਜ ਦੇ ਉਪਰਲੇ ਵਰਗਾਂ ਤੋਂ ਲੈ ਕੇ ਮਜ਼ਦੂਰ ਜਮਾਤ ਅਤੇ ਕਿਸਾਨਾਂ ਤਕ, ਸਿਆਸੀ ਤੌਰ ਤੇ ਸਰਗਰਮ ਅਤੇ ਸਾਧਾਰਨ ਲੋਕਾਂ ਤਕ ਸਭ ਨੇ ਬ੍ਰਤਾਨਵੀ ਅਦਾਲਤ ਸਾਹਮਣੇ ਇਹਨਾਂ ਇਨਕਲਾਬੀਆਂ ਦੇ ਬਹਾਦਰੀ ਤੇ ਹੌਂਸਲੇ ਭਰੇ ਵਤੀਰੇ ਦੀ ਸ਼ਲਾਘਾ ਕੀਤੀ ਤੇ ਇਸ ਨੂੰ ਅਪਣਾਇਆ ਅਤੇ ਇਹਨਾਂ ਇਨਕਲਾਬੀਆਂ ਦੇ ਬਹਾਦਰੀ ਤੇ ਹੌਂਸਲੇ ਭਰੇ ਵਤੀਰੇ ਦੀ ਸ਼ਲਾਘਾ ਕੀਤੀ। ਅਤੇ ਇਹਨਾਂ ਇਨਕਲਾਬੀਆਂ ਵਲੋਂ ਪੇਸ਼ ਕੀਤੀ ਗਈ ਮੁਜ਼ਾਹਮਤ ਦੀ ਭਾਰੀ ਪ੍ਰਸੰਸਾ ਕੀਤੀ। ਲੋਕਾਂ ਨੇ ਇਨ੍ਹਾਂ ਇਨਕਲਾਬੀਆਂ ਦੀ ਬਹਾਦਰੀ ਤੇ ਹੌਂਸਲੇ ਵਿਚ ਦੇਸ਼ ਦੇ ਮਾਣ ਸਤਿਕਾਰ ਦੀ ਚੜ੍ਹਤ ਤੇ ਪਰਗਟਾਵਾ ਹੁੰਦਾ ਸਮਝਿਆ।

ਕੋਈ ਵੀ ਦੂਸਰਾ ਇਨਕਲਾਬੀ ਜਾਗਰੂਕ ਹੋ ਰਹੇ ਲੋਕਾਂ ਨਾਲ ਏਨੀ ਡੂੰਘੀ ਤੇ ਪੀਡੀ ਸਾਂਝ ਨਹੀਂ ਪਾ ਸਕਿਆ ਅਤੇ ਆਮ ਲੋਕਾਂ ਤੇ ਨੌਜਵਾਨਾਂ 'ਚ ਏਨਾ ਹਰਮਨ ਪਿਆਰਾ ਨਹੀਂ ਹੋ ਸਕਿਆ ਤੇ ਦਿਲਾਂ ਦੀ ਧੜਕਨ ਨਹੀਂ ਬਣ ਸਕਿਆ ਜਿੰਨਾ ਕਿ ਭਗਤ ਸਿੰਘ।

ਉਸਦਾ ਸੰਘਰਸ਼ ਉਸ ਦੇ ਉਸ ਨਾਹਰੇ ਦੇ ਰੂਪ ਵਿਚ ਪ੍ਰਤੀਕ ਬਣ ਗਿਆ ਜਿਹੜਾ ਉਸਨੇ ਦਿੱਲੀ 'ਚ ਪਾਰਲੀਮੈਂਟ ਵਿਚ ਬੰਬ ਸੁਟਣ ਵੇਲੇ ਬੁਲੰਦ ਕੀਤਾ ਸੀ—'ਇਨਕਲਾਬ ਜ਼ਿੰਦਾਬਾਦ', ਇਹ ਅਜਿਹਾ ਨਾਹਰਾ ਸੀ ਜਿਸ ਤੋਂ ਉਸ ਸਮੇਂ ਤਕ ਅਜੇ ਭਾਰਤੀ ਲੋਕ ਜਾਣੂ ਨਹੀਂ ਹੋਏ ਸਨ। ਭਾਵੇਂ ਕਿ ਕਮਿਊਨਿਸਟਾਂ ਨੇ ਇਹ ਨਾਹਰਾ ਕੁਝ ਸਮਾਂ ਪਹਿਲਾਂ ਲਗਾਉਣਾ ਸ਼ੁਰੂ ਕਰ ਦਿਤਾ ਸੀ, ਪਰ ਇਹ ਅਜੇ ਤਕ ਲੋਕਾਂ ਤਕ ਨਹੀਂ ਪਹੁੰਚਿਆ ਸੀ।

ਇਹ ਗਤੀਸ਼ੀਲ ਇਨਕਲਾਬੀ, ਸਿਰਫ ਨਾਹਰਿਆਂ ਨਾਲ ਹੀ ਸੰਤੁਸ਼ਟ ਨਹੀਂ ਸੀ। ਉਸ ਵਿਚ ਬੇਹਦ ਦਾ ਹੌਂਸਲਾ, ਮੌਤ ਨੂੰ ਮਖੌਲ ਕਰਨ ਵਾਲੀ ਭਾਵਨਾ, ਹਰ ਚੀਜ਼ ਕੁਰਬਾਨ ਕਰਨ ਦੀ ਸਮਰਥਾ ਅਤੇ ਤਸੀਹਿਆਂ ਦੇ ਸਨਮੁਖ ਮਜ਼ਬੂਤ ਮਿਸਾਲੀ ਹੌਂਸਲਾ ਸੀ—ਜਿਸ ਬਗੈਰ ਕਿ ਇਨਕਲਾਬ ਦੀ ਕੋਈ ਵੀ ਗੱਲ ਸਿਰਫ ਖੋਖਲੀ ਹੀ ਹੁੰਦੀ ਹੈ।

ਵਿਅਕਤੀਗਤ ਬਹਾਦਰੀ ਅਤੇ ਕਸ਼ਟਾਂ ਨੂੰ ਖਿੜੇ ਮਥੇ ਝਲਣ ਤੋਂ ਬਿਨਾ, ਲੋਕਾਂ 'ਚ ਆਪਣੇ ਹੌਂਸਲੇ ਤੇ ਕੁਰਬਾਨੀਆਂ ਰਾਹੀਂ ਜਾਗ੍ਰਿਤੀ ਪੈਦਾ ਕਰਨ ਤੋਂ ਬਿਨਾ ਖਿੜੇ ਮਥੇ ਫਾਂਸੀ ਦੇ ਤਖਤੇ ਤੇ ਚੜ੍ਹ ਤੇ ਫਾਂਸੀ ਦਾ ਫੰਦਾ ਬੇਖੌਫ ਗਲ 'ਚ ਪਾਉਣ ਦੀ ਭਾਵਨਾ ਦੇ ਬਗੈਰ ਕੋਈ ਵੀ ਇਨਕਲਾਬ ਤੇ ਕੋਈ ਵੀ ਇਨਕਲਾਬੀ ਵਿਚਾਰਧਾਰਾ ਸਫਲ ਨਹੀਂ ਹੋ ਸਕਦੀ। ਦੁਸ਼ਮਣ ਦੀ ਗੱਦੀ ਉਲਟਾਉਣ ਲਈ ਦੁਸ਼ਮਣ ਵਿਰੁਧ ਸਖਤ ਨਫਰਤ ਅਤੇ ਦੁਸ਼ਮਣ, ਉਸਦੀਆਂ ਸੰਸਥਾਵਾਂ ਤੇ ਉਸਦੇ ਸਾਜ਼-ਸਾਮਾਨ ਉਤੇ ਚਾਰੇ ਪਾਸਿਆਂ ਤੋਂ ਹਮਲੇ ਬਗੈਰ ਕੋਈ ਵੀ ਇਨਕਲਾਬੀ ਵਿਚਾਰਧਾਰਾ ਸਫਲ ਨਹੀਂ ਹੋ ਸਕਦੀ। ਭਗਤ ਸਿੰਘ ਵਿਚ ਬ੍ਰਤਾਨਵੀ ਹਕੂਮਤ ਵਿਰੁਧ ਭਾਰੀ ਨਫਰਤ ਅਤੇ ਤਕੜੀ ਨਿਜੀ ਬਹਾਦਰੀ ਦੇ ਗੁਣਾਂ ਦਾ ਸੁਮੇਲ ਸੀ ਇਹਨਾਂ ਗੁਣਾਂ ਕਾਰਨ ਉਹ ਸੰਘਰਸ਼ ਕਰ ਰਹੀ ਕੌਮ ਦਾ ਪ੍ਰਤੀਕ ਬਣ ਗਿਆ ਅਤੇ ਬਦੇਸ਼ੀ ਹਕੂਮਤ ਵਿਰੁਧ ਇਸ ਦੀ ਨਫਰਤ ਦਾ ਚਿੰਨ੍ਹ ਬਣ ਗਿਆ।

ਪੰਜਾਬ, ਬੰਗਾਲ ਅਤੇ ਕੁਝ ਹਦ ਤਕ ਮਹਾਰਾਸ਼ਟਰ ਨੇ ਪਹਿਲਾਂ ਬਹੁਤ ਸਾਰੇ ਇਨਕਲਾਬੀ ਪੈਦਾ ਕੀਤੇ ਸਨ ਜਿਹਨਾਂ 'ਚ ਬੇਮਿਸਾਲ ਹੌਂਸਲਾ ਅਤੇ ਸਵੈ-ਕੁਰਬਾਨੀ ਦਾ ਜਜ਼ਬਾ ਸੀ। ਉਹਨਾਂ ਨੇ ਆਪਣੀਆਂ ਧੌਣਾਂ ਉਚੀਆਂ ਰਖਕੇ ਫਾਂਸੀ ਦੇ ਰੱਸੇ ਨੂੰ ਚੁੰਮਿਆ। ਉਹਨਾਂ ਨੇ ਅੰਡੇਮਾਨ ਵਿਚ ਤਸੀਹਿਆਂ ਦਾ ਪੂਰੀ ਬਹਾਦਰੀ ਤੇ ਅਝੁੱਕ ਭਾਵਨਾ ਨਾਲ ਸਾਹਮਣਾ ਕੀਤਾ ਸੀ। ਉਹਨਾਂ ਦੀ ਯਾਦ ਅਜੇ ਵੀ ਮਨਾਂ 'ਚ ਤਾਜ਼ਾ ਹੈ। ਪਰ ਉਨ੍ਹਾਂ ਉਸ ਸਮੇਂ ਬਰਤਾਨਵੀ ਹਕੂਮਤ ਨੂੰ ਚਣੌਤੀ ਦਿਤੀ ਜਦੋਂ ਭਾਰਤੀ ਲੋਕਾਂ ਨੇ ਅਜੇ ਸਿਆਸੀ ਸਰਗਰਮੀ ਵਿਚ ਕੁੱਦਣਾ ਸੀ। ਉਹਨਾਂ ਦੀਆਂ ਕੁਰਬਾਨੀਆਂ ਵਿਸ਼ਾਲ ਲੋਕਾਂ ਦੀ ਸਾਂਝੀ ਚੇਤੰਨਤਾ ਦਾ ਹਿਸਾ ਨਾ ਬਣ ਸਕੀਆਂ ਜਿਹਨਾਂ ਕੌਮੀ ਲਹਿਰ ਦੌਰਾਨ ਬ੍ਰਤਾਨਵੀ ਹਕੂਮਤ ਦੀਆਂ ਲਾਠੀਆਂ ਤੇ ਬੰਦੂਕਾਂ ਦਾ ਡਟਵੇਂ ਹੌਂਸਲੇ ਨਾਲ ਸਾਹਮਣਾ ਕੀਤਾ। ਦੂਸਰੇ ਪਾਸੇ ਭਗਤ ਸਿੰਘ ਅਤੇ ਉਸ ਦੇ ਸਾਥੀ ਇਕ ਉਸ ਸਮੇਂ ਕੁਦੇ ਜਦੋਂ ਉਹਨਾਂ ਦੀ ਬ੍ਰਤਾਨਵੀ ਹਕੂਮਤ ਵਿਰੁਧ ਹਰੇਕ ਕਾਰਵਾਈ ਨੂੰ ਆਮ ਲੋਕਾਂ ਨੇ ਆਪਣੀ ਪ੍ਰਵਾਨਗੀ ਦਿਤੀ ਅਤੇ ਇਸਦੀ ਸ਼ਲਾਘਾ ਕੀਤੀ। ਇਸੇ ਲਈ ਉਹਨਾਂ ਦੀ ਕੁਰਬਾਨੀ ਦੀ ਭਾਰਤੀ ਲੋਕਾਂ ਦੇ ਮਨਾਂ ਉਤੇ ਪੱਕੀ ਛਾਪ ਬਣ ਗਈ।

ਲਾਹੌਰ ਵਿਖੇ ਆਪਣੇ ਮੁਕਦਮੇ ਦੌਰਾਨ ਭਗਤ ਸਿੰਘ ਅਤੇ ਉਸਦੇ ਕਾਮਰੇਡਾਂ ਦਾ ਵਤੀਰਾ ਇਨਕਲਾਬੀ ਵਤੀਰੇ ਦੀ ਇਕ ਨਵੀਂ ਮਿਸਾਲ ਬਣ ਗਿਆ। ਲਹੌਰ ਮੁਕਦਮੇ ਦੇ ਨਾਲ ਹੀ ਯੂ.ਪੀ. 'ਚ ਮੇਰਠ ਵਿਖੇ ਇਕ ਹੋਰ ਮੁਕਦਮਾ ਚਲਿਆ ਜਿਸ ਵਿਚ ਕਮਿਊਨਿਸਟ ਆਗੂਆਂ ਉਤੇ ਬ੍ਰਤਾਨਵੀ ਹਕੂਮਤ ਵਿਰੁਧ ਜੰਗ ਛੇੜਨ ਦਾ ਦੋਸ਼ ਲਗਾਇਆ ਗਿਆ ਸੀ। ਇਹਨਾਂ ਦੋਹਾਂ ਮੁਕਦਮਿਆਂ ਦੇ ਦੋਸ਼ੀ ਬ੍ਰਤਾਨਵੀ ਅਦਾਲਤਾਂ ਨੂੰ ਲੋਕਾਂ ਤਕ ਆਪਣੀ ਗੱਲ ਪਹੁੰਚਾਉਣ, ਆਪਣੇ ਇਨਕਲਾਬੀ ਵਿਚਾਰਾਂ ਤੇ ਵਿਚਾਰਧਾਰਾ ਨੂੰ ਲੋਕਾਂ ਦੇ ਮਨਾਂ 'ਚ ਪਾਉਣ ਲਈ ਇਕ ਫੋਰਮ ਵਜੋਂ ਵਰਤ ਰਹੇ ਸਨ।

ਐਪਰ ਇਹ ਕੇਵਲ ਇਕ ਅਰੰਭ ਹੀ ਸੀ; ਇਹ ਉਹਨਾਂ ਇਨਕਲਾਬੀਆਂ ਨੂੰ ਸੰਤੁਸ਼ਟ ਨਾ ਕਰ ਸਕਿਆ ਜਿਹੜੇ ਆਪਣੇ ਮੁਕਦਮਿਆਂ ਨੂੰ ਭਾਰਤੀ ਲੋਕਾਂ ਨੂੰ ਜਜ ਬਣਾ ਕੇ ਆਪਣੀ ਗੱਲ ਪਹੁੰਚਾਉਣ ਵਾਲੇ ਬਰਤਾਨਵੀ ਰਾਜ ਦੇ ਮੁਕਦਮਿਆਂ ਵਜੋਂ ਪਲਟਣ ਲਈ ਦਰਿੜ ਸਨ। ਮੇਰਠ ਕੇਸ ਦੇ ਕਮਿਊਨਿਸਟਾਂ ਨੇ ਅਦਾਲਤ ਵਿਚ ਦਿਤੇ ਆਪਣੇ ਬਿਆਨਾਂ 'ਚ ਐਲਾਨ ਕੀਤਾ ਕਿ ਉਹਨਾਂ ਨੂੰ ਬ੍ਰਤਾਨਵੀ ਹਕੂਮਤ ਵਿਰੁਧ ਬਗਾਵਤ ਕਰਨ ਅਤੇ ਆਪਣੇ ਦੇਸ਼ ਨੂੰ ਆਜ਼ਾਦ ਕਰਵਾਉਣ ਦਾ ਪੂਰਾ-ਪੂਰਾ ਹੱਕ ਹੈ। ਉਹਨਾਂ ਕਿਹਾ ਕਿ ਆਪਣੇ ਸੰਘਰਸ਼ ਰਾਹੀਂ ਉਹ ਮਜ਼ਦੂਰਾਂ, ਕਿਸਾਨਾਂ ਅਤੇ ਸਮਾਜ ਦੇ ਦੂਸਰੇ ਵਰਗਾਂ ਨੂੰ ਜਥੇਬੰਦ ਕਰਕੇ ਬ੍ਰਤਾਨਵੀ ਸਰਕਾਰ ਦਾ ਤਖਤਾ ਉਲਟਾਉਣਾ ਚਾਹੁੰਦੇ ਹਨ ਅਤੇ ਦੇਸ਼ ਲਈ ਸੁਤੰਤਰਤਾ ਜਿੱਤ ਕੇ ਸਮਾਜਵਾਦ ਵਲ ਵਧਣਾ ਚਾਹੁੰਦੇ ਹਨ।

ਉਹਨਾਂ ਦੇ ਬਹਾਦਰੀ ਭਰੇ ਅਤੇ ਇਨਕਲਾਬੀ ਬਿਆਨਾਂ ਉਤੇ ਕੌਮੀ ਅਤੇ ਸਰਕਾਰੀ ਪ੍ਰੈਸ ਨੇ ਤਿਊੜੀਆਂ ਪਾਈਆਂ ਤੇ ਉਹਨਾਂ ਦੇ ਬਿਆਨ ਲੋਕਾਂ ਦੇ ਵਡੇ ਹਿਸਿਆਂ ਤਕ ਪੁਜ ਨਾ ਸਕੇ।

ਪਰ ਭਗਤ ਸਿੰਘ ਅਤੇ ਉਸ ਦੇ ਕਾਮਰੇਡਾਂ ਨਾਲ ਇਹ ਕੁਝ ਨਹੀਂ ਹੋਇਆ ਸੀ। ਉਹ ਹਰ ਰੋਜ਼ ਕੌਮੀ ਪ੍ਰੈਸ ਵਿਚ ਛਪੇ ਜਾਂਦੇ ਸਨ ਤੇ ਉਹਨਾਂ ਦੀ ਹਰੇਕ ਸਰਗਰਮੀ ਨੂੰ ਲੱਖਾਂ ਲੋਕਾਂ ਵਲੋਂ ਨੀਝ ਤੇ ਤਤਪਰਤਾ ਨਾਲ ਦੇਖਿਆ ਜਾਂਦਾ ਸੀ। ਪਰ ਉਹਨਾਂ ਦੇ ਇਨਕਲਾਬੀ ਬਿਆਨਾਂ ਤੇ ਐਲਾਨਾਂ ਨੂੰ ਵੀ ਅਖਬਾਰਾਂ ਵਲੋਂ ਬਣਦੀ ਥਾਂ ਨਾ ਦਿਤੀ ਗਈ। ਪਰ ਇਸ ਤਰਾਂ ਉਹਨਾਂ ਦੇ ਬਿਆਨਾਂ ਨੂੰ ਲੋਕਾਂ ਤਕ ਪੁਜਣ ਤੋਂ ਰੋਕਿਆ ਨਾ ਜਾ ਸਕਿਆ। ਬ੍ਰਿਤਾਨਵੀ ਅਦਾਲਤੀ ਤੇ ਨਿਆਂ ਅਤੇ ਜੇਲ੍ਹ ਪ੍ਰਸ਼ਾਸਨ ਦੇ ਹਰੇਕ ਪੱਖ ਨੂੰ ਨੰਗਿਆਂ ਕਰਦਿਆਂ ਉਹ ਹਰੇਕ ਰੁਕਾਵਟ, ਹਰੇਕ ਵਿਤਕਰੇ ਭਰੇ ਨਿਯਮ ਵਿਰੁਧ ਲੜੇ ਅਤੇ ਉਹਨਾਂ ਜੇਲ੍ਹ ਵਿਚ ਸੁਤੰਤਰਤਾ ਸੰਗ੍ਰਾਮੀਆਂ ਲਈ ਯੋਗ ਦਰਜੇ ਦੀ ਮੰਗ ਕੀਤੀ। ਉਹਨਾਂ ਨੇ ਆਮ ਮੁਜਰਮਾਂ ਵਾਂਗ ਉਹਨਾਂ ਨਾਲ ਵਰਤਾਓ ਕੀਤੇ ਜਾਣ ਦੀ ਨਿਖੇਧੀ ਕੀਤੀ ਅਤੇ ਮੰਗ ਕੀਤੀ ਕਿ ਉਹਨਾਂ ਨਾਲ ਸੁਤੰਤਰਤਾ ਸੰਗ੍ਰਾਮ ਦੀ ਸ਼ਾਨ ਅਤੇ ਮਾਣ ਅਨੁਸਾਰ ਵਰਤਾਓ ਕੀਤਾ ਜਾਵੇ।

ਇਸ ਨਾਲ ਉਹ ਆਏ ਦਿਨ ਅਧਿਕਾਰੀਆਂ ਨਾਲ ਟੱਕਰ ਵਾਲੀ ਸਥਿਤੀ 'ਚ ਆਉਂਦੇ ਰਹੇ ਤੇ ਇਸ ਦਾ ਨਤੀਜਾ ਪੁਲਿਸ, ਅਦਾਲਤ ਅਤੇ ਜੇਲ੍ਹ ਅਧਿਕਾਰੀਆਂ ਨਾਲ ਜਿਸਮਾਨੀ ਝੜਪਾਂ ਦੇ ਰੂਪ ਵਿਚ ਨਿਕਲਦਾ। ਭਗਤ ਸਿੰਘ ਅਤੇ ਉਸ ਦੇ ਕਾਮਰੇਡਾਂ ਨੂੰ ਕਿਹਾ ਗਿਆ ਕਿ ਉਹ ਅਦਾਲਤ 'ਚ ਇਨਕਲਾਬੀ ਨਾਹਰੇ ਲਗਾਉਣ ਤੋਂ ਗੁਰੇਜ਼ ਕਰਨ। ਪਰ ਉਹਨਾਂ ਨੇ 'ਇਨਕਲਾਬ ਜ਼ਿੰਦਾਬਾਦ' ਦਾ ਨਾਹਰਾ ਲਗਉਣਾ ਜਾਰੀ ਰਖਿਆ। ਅਦਾਲਤ ਵਿਚ ਉਹਨਾਂ ਨੂੰ ਕੁਟਿਆ ਗਿਆ ਤੇ ਹਥਕੜੀਆਂ 'ਚ ਜਕੜਿਆ ਗਿਆ। ਉਹਨਾਂ ਨੂੰ ਉਤਨੀ ਦੇਰ ਲਾਠੀਆਂ ਨਾਲ ਕੁਟਿਆ ਮਾਰਿਆ ਗਿਆ ਜਦੋਂ ਤਕ ਉਹ ਲਹੂ-ਲੁਹਾਨ ਨਾ ਹੋ ਗਏ ਤੇ ਬੇਹੋਸ਼ ਨਾ ਹੋ ਗਏ। ਜੇਲ੍ਹ ਅੰਦਰ ਵੀ ਉਹਨਾਂ ਚੰਗੇ ਵਰਤਾਉ ਦੀ ਮੰਗ ਕੀਤੀ, ਹੇਠੀ ਭਰੇ ਨਿਯਮਾਂ ਨੂੰ ਮੰਨਣ ਤੋਂ ਇਨਕਾਰ ਕਰ ਦਿਤਾ ਅਤੇ ਅਖਬਾਰਾਂ ਤੇ ਲਿਖਣ ਸਮਗਰੀ ਪ੍ਰਾਪਤ ਕਰਨ ਦੇ ਅਧਿਕਾਰ ਦੀ ਮੰਗ ਕੀਤੀ ਤਾਂ ਜੋ ਬਾਹਰ ਨਾਲ ਰਾਬਤਾ ਕਾਇਮ ਰਖਿਆ ਜਾ ਸਕੇ। ਉਹਨਾਂ ਨੂੰ ਬਾਰ ਬਾਰ ਵਹਿਸ਼ੀ ਢੰਗ ਨਾਲ ਕੁਟਿਆ ਮਾਰਿਆ ਗਿਆ, ਬੇੜੀਆਂ ਨਾਲ ਜੁੜਿਆ ਗਿਆ, ਜਿੰਦਰਿਆਂ ਅੰਦਰ ਬੰਦ ਕੀਤਾ ਗਿਆ ਅਤੇ ਭੁੱਖੇ ਤੇ ਪਿਆਸੇ ਰਖਿਆ ਗਿਆ।

ਉਹ ਇਨ੍ਹਾਂ ਸਾਰੇ ਅਤਿਆਚਾਰਾਂ ਦਾ ਬਦਲਾ ਅਣਮਿਥੇ ਸਮੇਂ ਲਈ ਹੜਤਾਲਾਂ ਰਖ ਕੇ ਲੈਂਦੇ। ਭਗਤ ਸਿੰਘ ਦਾ ਇਕ ਸਾਥੀ ਜਤਿਨ ਦਾਸ ਇਸੇ ਤਰਾਂ ਦੀ ਇਕ ਭੁਖ ਹੜਤਾਲ ਦੌਰਾਨ ਮਾਰਿਆ ਗਿਆ ਸੀ। 23 ਸਾਲ ਦੀ ਛੋਟੀ ਜਿਹੀ ਉਮਰ ਵਿਚ ਉਸਦੀ ਮੌਤ ਨੇ ਭਾਰਤੀ ਲੋਕਾਂ ਨੂੰ ਹਲੂਣ ਕੇ ਰਖ ਦਿਤਾ।

ਇਹਨਾਂ ਸਾਰੀਆਂ ਬਹਾਦਰੀ ਭਰੀਆਂ ਘਟਨਾਵਾਂ ਨੂੰ ਲੋਕਾਂ ਤੋਂ ਛੁਪਾਇਆ ਨਾ ਜਾ ਸਕਿਆ। ਨਾ ਹੀ ਕੌਮੀ ਪ੍ਰੈਸ ਤੇ ਨਾ ਹੀ ਸਰਕਾਰੀ ਪ੍ਰੈਸ ਇਹਨਾਂ ਘਟਨਾਵਾਂ ਦੀ ਬਲੈਕ ਆਊਟ ਕਰ ਸਕੀ। ਹਰੇਕ ਦਿਨ ਦੀਆਂ ਘਟਨਾਵਾਂ, ਝੜਪਾਂ ਅਤੇ ਕੁਟਮਾਰ ਨੂੰ ਪ੍ਰੈਸ ਰਾਹੀਂ ਪੇਸ਼ ਕੀਤਾ ਜਾਂਦਾ ਸੀ। ਭਗਤ ਸਿੰਘ ਅਤੇ ਉਸਦੇ ਸਾਥੀ ਭਾਰਤ ਵਿਚ ਬ੍ਰਿਤਾਨਵੀ ਹਕੂਮਤ ਦੇ ਨਿਆਂਪਾਲਕ ਢਾਂਚੇ ਦੇ ਭਾਰਤ ਵਿਰੋਧੀ ਅਤੇ ਧੱਕੇਸ਼ਾਹੀ ਵਾਲੇ ਪਾਸੇ ਨੂੰ ਤੇ ਬਰਤਾਨਵੀ ਹਕੂਮਤ ਦੀਆਂ ਭਾਰਤੀ ਜੇਲਾਂ 'ਚ ਹੁੰਦੇ ਅਤਿਆਚਾਰਾਂ ਨੂੰ ਮੁਕੰਮਲ ਤੌਰ ਤੇ ਨੰਗਾ ਕਰਨ ਵਿਚ ਸਫਲ ਰਹੇ। ਇਹੀ ਉਹਨਾਂ ਦੇ ਸੰਘਰਸ਼ ਦਾ ਉਦੇਸ਼ ਸੀ ਜਿਸ ਲਈ ਉਨਾਂ ਹਰ ਪ੍ਰਕਾਰ ਦੇ ਤਸੀਹੇ ਝਲੇ। ਉਹਨਾਂ ਨੇ ਆਪਣੇ ਮੁਕਦਮੇ ਨੂੰ ਲੋਕਾਂ ਸਾਹਮਣੇ ਬ੍ਰਿਤਾਨਵੀ ਹਕੂਮਤ ਦੇ ਮੁਕਦਮੇ ਵਜੋਂ ਪੇਸ਼ ਕੀਤਾ। ਉਹਨਾਂ ਨੇ ਆਪਣੇ ਬਚਾਓ ਲਈ ਵਕਾਲਤ ਕਰਨ ਤੋਂ ਇਨਕਾਰ ਕਰ ਦਿਤਾ ਅਤੇ ਉਹਨਾਂ ਨੇ ਸਰਕਾਰ ਨੂੰ ਬਚਾਓ ਵਾਲੀ ਸਥਿਤੀ ਵਿਚ ਪਾ ਦਿਤਾ। ਸੁਤੰਤਰਤਾ ਸੰਘਰਸ਼ ਕਾਲ ਦੌਰਾਨ ਕਦੇ ਵੀ ਪਹਿਲੇ ਕੋਈ ਇਨਕਲਾਬੀ ਬਰਤਾਨਵੀ ਹਕੂਮਤ ਦੀ ਅਤਿਆਚਾਰੀ ਮਸ਼ੀਨਰੀ ਨੂੰ ਖੁਦ ਬਰਤਾਨਵੀ ਹਕੂਮਤ ਵਿਰੁਧ ਲੋਕਾਂ ਵਿਚ ਨਫਰਤ ਪੈਦਾ ਕਰਨ ਲਈ ਵਰਤਣ ਵਿਚ ਸਫਲ ਨਹੀਂ ਹੋਇਆ ਸੀ।

ਸਰਕਾਰ ਨੂੰ ਹਾਰ ਮੰਨਣੀ ਪਈ। ਇਸ ਨੂੰ ਸਿਆਸੀ ਕੈਦੀਆਂ ਨਾਲ ਵਰਤਾਓ ਲਈ ਨਵੇਂ ਕਨੂੰਨਾਂ ਤੇ ਲਹੌਰ ਕੇਸ ਦੇ ਦੋਸ਼ੀਆਂ ਲਈ ਚੰਗੇਰੀਆਂ ਸਹੂਲਤਾਂ ਦਾ ਐਲਾਨ ਕਰਨ ਲਈ ਮਜਬੂਰ ਹੋਣਾ ਪਿਆ।

ਇਸ ਮੁਕਦਮੇ ਵਿਚ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਨੂੰ ਫਾਂਸੀ ਦੀ ਸਜ਼ਾ ਦਿਤੀ ਗਈ। ਦੋਸ਼ ਇਹ ਲਗਾਇਆ ਗਿਆ ਸੀ ਕਿ ਬਰਤਾਨਵੀ ਹਕੂਮਤ ਉਲਟਾਉਣ ਅਤੇ ਇਕ ਬਰਤਾਨਵੀ ਅਧਿਕਾਰੀ ਨੂੰ ਕਤਲ ਕਰਨ ਦੀ ਸਾਜ਼ਿਸ਼ ਰਚੀ ਗਈ ਸੀ। ਭਗਤ ਸਿੰਘ ਅਤੇ ਉਸਦੇ ਸਾਥੀਆਂ ਨੇ ਇਸ ਸਜ਼ਾ ਨੂੰ ਕਿਵੇਂ ਲਿਆ ? ਫਾਂਸੀ ਲਗਾਏ ਜਾਣ ਦੇ ਕੁਝ ਦਿਨ ਪਹਿਲੇ ਭਗਤ ਸਿੰਘ ਨੇ ਬਰਤਾਨਵੀ ਅਧਿਕਾਰੀਆਂ ਨੂੰ ਖਤ ਲਿਖਿਆ ਜਿਸ ਵਿਚ ਮੰਗ ਕੀਤੀ ਗਈ ਕਿ ਕਿਉਂ ਕਿ ਉਹ ਜੰਗੀ ਕੈਦੀ ਹਨ ਇਸ ਲਈ ਉਹਨਾਂ ਨੂੰ ਫਾਂਸੀ ਲਾਕੇ ਨਹੀਂ ਸਗੋਂ ਬਰਤਾਨਵੀ ਹਕੂਮਤ ਦੇ ਫਾਇਰਿੰਗ ਸੁਕੇਡ ਵਲੋਂ ਗੋਲੀ ਮਾਰ ਕੇ ਮਾਰਿਆ ਜਾਣਾ ਚਾਹੀਦਾ ਹੈ। ਅਜਿਹਾ ਸੀ ਉਹ ਅਜਿਤ ਜਜ਼ਬਾ ਅਤੇ ਅਜਿਹੀ ਸੀ ਮਿਟੀ ਜਿਸ ਦਾ ਭਗਤ ਸਿੰਘ ਬਣਿਆ ਹੋਇਆ ਸੀ।

ਭਗਤ ਸਿੰਘ ਅਤੇ ਉਸਦੇ ਸਾਥੀਆਂ ਨੂੰ ਫਾਂਸੀ ਲਗਾਏ ਜਾਣ ਨਾਲ ਦੇਸ਼ ਭਰ ਵਿਚ ਗੁਸਾ ਅਤੇ ਰੋਹ ਫੈਲ ਗਿਆ। ਫਾਂਸੀ ਵਿਰੁੱਧ ਰੋਸ ਪਰਗਟ ਕਰਨ ਲਈ ਮੀਟਿੰਗਾਂ ਜਲਸੇ, ਵਿਖਾਵੇ ਤੇ ਹੜਤਾਲਾਂ ਕੀਤੀਆਂ ਗਈਆਂ। ਬੰਬਈ ਦੇ ਮਜ਼ਦੂਰਾਂ ਨੇ ਤਿੰਨ ਦਿਨ ਤਕ ਇਹਨਾਂ ਤਿੰਨਾਂ ਇਨਕਲਾਬੀਆਂ ਲਈ ਹੜਤਾਲ ਕੀਤੀ। ਕਾਨਪੁਰ ਦੇ ਮਜ਼ਦੂਰਾਂ ਅਤੇ ਲੋਕਾਂ ਨੇ ਵਿਸ਼ਾਲ ਅਤੇ ਬੇਮਿਸਾਲ ਹੜਤਾਲ ਕੀਤੀ ਜਿਸ ਨੂੰ ਬਰਤਾਨਵੀ ਹਕੂਮਤ ਅਤੇ ਇਸ ਦੇ ਫਿਰਕੂ ਪਿਠੂਆਂ ਨੇ ਹਿੰਦੂ-ਮੁਸਲਮ ਦੰਗਿਆਂ ਵਿਚ ਬਦਲ ਦਿਤਾ। ਇਕ ਕਾਂਗਰਸੀ ਆਗੂ ਗਨੇਸ਼ ਸ਼ੰਕਰ ਵਿਦਿਆਰਥੀ ਜਿਹੜਾ ਕਿ ਲੋਕਾਂ ਵਿਚ ਬਹੁਤ ਚਿਰ ਦਾ ਹਰਮਨ ਪਿਆਰਾ ਸੀ। ਲੋਕਾਂ ਨੂੰ ਸ਼ਾਂਤ ਕਰਵਾਉਣ ਦੀ ਕੋਸ਼ਿਸ਼ ਵਿਚ ਜਾਨ ਗੁਆ ਬੈਠਾ। ਇਹ ਦੰਗੇ-ਫਸਾਦ ਭਗਤ ਸਿੰਘ ਲਈ ਲੋਕਾਂ ਦੇ ਮਨਾਂ ਵਿਚ ਹਮਦਰਦੀ ਵਿਰੁਧ ਸਾਮਰਾਜੀਆਂ ਦਾ ਬਦਲਾ ਸੀ।

ਭਗਤ ਸਿੰਘ ਨੂੰ ਫਾਂਸੀ ਲਗਾਏ ਜਾਣ ਪਿਛੋਂ ਕਾਂਗਰਸੀ ਆਗੂਆਂ ਦੀ ਤਿਖੀ ਆਲੋਚਨਾ ਹੋਣ ਲਗੀ ਜਿਹਨਾਂ ਨੇ ਕਿ ਫਾਂਸੀਆਂ ਦੇ ਮੌਕੇ ਤੇ ਗਾਂਧੀ ਇਰਵਿਨ ਸਮਝੌਤੇ ਤੇ ਦਸਖਤ ਕੀਤੇ ਸਨ। ਬਹੁਤ ਸਾਰੇ ਲੋਕਾਂ ਨੇ ਇਸ ਸਮਝੌਤੇ ਨੂੰ ਲੋਕਾਂ ਨਾਲ ਗਦਾਰੀ ਕਿਹਾ ਅਤੇ ਕਰਾਚੀ ਕਾਂਗਰਸ (1931) ਵਿਖੇ ਗਾਂਧੀ ਅਤੇ ਦੂਸਰਿਆਂ ਦੀ ਸਖਤ ਨਿੰਦਾ ਕੀਤੀ ਜਿਸ ਨੇ ਇਸ ਸਮਝੌਤੇ ਦੀ ਪੁਸ਼ਟੀ ਕੀਤੀ। ਅਜਿਹੀ ਆਲੋਚਨਾ ਅਟੱਲ ਸੀ ਕਿਉਂ ਕਿ ਲੋਕਾਂ ਦੇ ਮਨਾਂ ਵਿਚ ਨੌਜਵਾਨ ਇਨਕਲਾਬੀਆਂ ਲਈ ਹਮਦਰਦੀਆਂ ਘਰ ਕਰ ਚੁਕੀਆਂ ਸਨ, ਅਤੇ ਇਥੋਂ ਤਕ ਕਿ ਗਾਂਧੀ ਨੂੰ ਵੀ ਕਾਂਗਰਸ ਦੇ ਇਕਠ ਵਿਚ ਉਹਨਾਂ ਦੀ ਨਿਖੇਧੀ ਕਰਵਾਉਣ ਵਿਚ ਮੁਸ਼ਕਲ ਆਈ। ਦਸੰਬਰ 1929 ਵਿਚ ਇੰਡੀਅਨ ਨੈਸ਼ਨਲ ਕਾਂਗਰਸ ਦੇ ਲਹੌਰ ਸਮਾਗਮ ਵਿਚ ਇਕ ਮਤਾ ਪੇਸ਼ ਕੀਤਾ ਗਿਆ ਸੀ ਜਿਸ ਵਿਚ ਉਸ ਗੱਡੀ ਤੇ ਬੰਬ ਹਮਲੇ ਦੀ ਨਿਖੇਧੀ ਕੀਤੀ ਗਈ ਜਿਸ ਵਿਚ ਬਰਤਾਨਵੀ ਵਾਇਸਰਾਏ ਸਫਰ ਕਰ ਰਿਹਾ ਸੀ। 1713 ਮੈਂਬਰਾਂ ਦੇ ਹਾਊਸ ਵਿਚ ਇਸ ਮਤੇ ਨੂੰ ਸਿਰਫ 81 ਵੋਟਾਂ ਦੇ ਫਰਕ ਨਾਲ ਪਾਸ ਕਰਵਾਇਆ ਗਿਆ।

ਭਗਤ ਸਿੰਘ ਕੌਮੀ ਇਨਕਲਾਬੀਆਂ ਦੀ ਨਵੀਂ ਪੀੜੀ ਦਾ ਪ੍ਰਤੀਕ ਸੀ, ਜਿਸ ਦਾ ਨਜ਼ਰੀਆ ਪਿਛਲੇ ਇਨਕਲਾਬੀਆਂ ਨਾਲੋਂ ਵਖਰੀ ਕਿਸਮ ਦਾ ਸੀ। ਵੀਹਵੀਂ ਸਦੀ ਦੇ ਸ਼ੁਰੂ ਤੋਂ ਦੂਸਰੇ ਦਹਾਕੇ ਵਿਚਕਾਰ ਹੋਏ ਇਨਕਲਾਬੀਆਂ ਕੋਲ ਕੌਮੀ ਸੰਘਰਸ਼ ਦੇ ਹਕੀਕੀ ਠੋਸ ਰੂਪ ਬਾਰੇ ਸਪਸ਼ਟ ਵਿਚਾਰ ਨਹੀਂ ਸਨ ਅਤੇ ਉਹਨਾਂ ਨੂੰ ਇਹ ਨਹੀਂ ਪਤਾ ਸੀ ਕਿ ਨਵੇਂ ਤੇ ਆਜ਼ਾਦ ਭਾਰਤ ਦਾ ਰੂਪ ਕਿਹੋ ਜਿਹਾ ਹੋਣਾ ਚਾਹੀਦਾ ਹੈ। ਉਹ ਵਰਤਮਾਨ ਦੇ ਭੂਤ ਕਾਲ ਦੇ ਸੰਘਰਸ਼ਾਂ ਲਈ ਬੀਤੇ ਸਮੇਂ ਵਲ ਝਾਕਦੇ ਸਨ। ਉਹਨਾਂ ਦੀ ਵਿਚਾਰਧਾਰਾ ਤੇ ਦ੍ਰਿਸ਼ਟੀਕੋਣ ਵਿਚ ਆਮ ਲੋਕਾਂ, ਉਹਨਾਂ ਦੀਆਂ

ਸਮਸਿਆਵਾਂ ਅਤੇ ਉਹਨਾਂ ਦੇ ਦਰਜੇ ਲਈ ਕੋਈ ਬਹੁਤੀ ਥਾਂ ਨਹੀਂ ਨਹੀਂ ਸੀ। ਇਹ ਕੁਦਰਤੀ ਹੀ ਸੀ ਕਿਉਂਕਿ ਕੌਮੀ ਲਹਿਰ ਖੁਦ ਅਜੇ ਮੁਢਲੇ ਪੜਾਅ ਵਿਚ ਸੀ ਅਤੇ ਇਸ ਨੇ ਅਜੇ ਆਧੁਨਿਕ ਜਮਹੂਰੀ ਮਾਪਦੰਡਾਂ ਵਿਚ ਆਪਣੇ ਉਦੇਸ਼ਾਂ ਨੂੰ ਪ੍ਰੀਭਾਸ਼ਤ ਕਰਨਾ ਸੀ। ਸਵੈ ਸਰਕਾਰ ਅਤੇ ਸਰਕਾਰ ਵਿਚ ਨੁਮਾਇੰਦਗੀ ਵਰਗੇ ਹੀ ਸ਼ੁਰੂ ਵਿਚ ਨਾਹਰੇ ਲਗਾਏ ਗਏ ਸਨ ਅਤੇ ਕੋਈ ਵੀ ਸਿਆਸੀ ਆਗੂ ਇਹ ਕਹਿਣ ਦੀ ਹਿੰਮਤ ਨਹੀਂ ਕਰਦਾ ਸੀ ਕਿ ਬਰਤਾਨਵੀ ਹਕੂਮਤ ਦੀ ਗੱਦੀ ਉਲਟਾਕੇ ਅਜਿਹਾ ਸੁਤੰਤਰ ਭਾਰਤ ਕਾਇਮ ਕੀਤਾ ਜਾਣਾ ਚਾਹੀਦਾ ਹੈ ਜਿਹੜਾ ਬਰਤਾਨਵੀ ਸਲਤਨਤ ਤੋਂ ਮੁਕੰਮਲ ਨਾਤਾ ਤੋੜੇ।

ਜਦੋਂ ਭਗਤ ਸਿੰਘ ਨੇ ਆਪਣੀਆਂ ਇਨਕਲਾਬੀ ਸਰਗਰਮੀਆਂ ਸ਼ੁਰੂ ਕੀਤੀਆਂ ਸਨ, ਸਥਿਤੀਆਂ ਬਹੁਤ ਜ਼ਿਆਦਾ ਬਦਲ ਚੁਕੀਆਂ ਸਨ। ਪਹਿਲੀ ਨਾ-ਮਿਲਵਰਤਨ ਵਾਲੀ ਲਹਿਰ ਸਮਾਪਤ ਹੋ ਗਈ ਸੀ ਅਤੇ ਭਾਰਤੀ ਸਿਆਸਤ ਵਿਚ ਆਮ ਲੋਕਾਂ ਦੀ ਸਿਆਸੀ ਸਰਗਰਮੀ ਤੇ ਸ਼ਮੂਲੀਅਤ ਹੋ ਚੁਕੀ ਸੀ। ਲੋਕਾਂ ਵਿਚ ਜਮਹੂਰੀ ਉਮੰਗ ਪੈਦਾ ਹੋ ਚੁਕੀ ਸੀ ਅਤੇ ਕਾਂਗਰਸ ਦਾ ਰੈਡੀਕਲ ਵਿੰਗ ਸੰਪੂਰਨ ਆਜ਼ਾਦੀ ਦੀ ਮੰਗ ਉਠ ਰਿਹਾ ਸੀ।

ਅਕਤੂਬਰ ਇਨਕਲਾਬ ਦੀ ਸਫਲਤਾ, ਉਸ ਇਨਕਲਾਬ 'ਚ ਜਨਸਧਾਰਨ ਦੀ ਜਿਤ ਨੌਜਵਾਨ ਇਨਕਲਾਬੀਆਂ ਲਈ ਉਤਸ਼ਾਹ ਦਾ ਇਕ ਬਹੁਤ ਵਡਾ ਸੋਮਾ ਸੀ ਜਿਹੜੇ ਕਿ ਭਾਰਤ ਅਤੇ ਬਦੇਸ਼ਾਂ ਵਿਚ ਬਹੁਤ ਸਾਰੇ ਕਮਿਊਨਿਸਟਾਂ ਨਾਲ ਸੰਪਰਕ ਵਿਚ ਆ ਰਹੇ ਸਨ। 1925 ਵਿਚ ਇਨਕਲਾਬੀਆਂ ਦੀ ਇਕ ਸੰਸਥਾ ਹਿੰਦੁਸਤਾਨ ਰਿਪਬਲਿਕਨ ਐਸੋਸੀਏਸ਼ਨ ਦੇ ਮੈਨੀਫੈਸਟੋ ਵਿਚ ਸਮੁਚੇ ਲੋਕਾਂ ਦੀ ਪ੍ਰਤੀਨਿਧਤਾ ਦੇ ਆਧਾਰ ਉਤੇ ਫੈਡਰਲ ਰਿਪਬਲਿਕਨ ਆਫ ਯੂਨਾਈਟਡ ਸਟੇਟਸ ਆਫ ਇੰਡੀਆ ਦੀ ਗੱਲ ਕੀਤੀ ਗਈ ਸੀ। ਇਸ ਵਿਚ ਸਾਰੀਆਂ ਪਬਲਿਕ ਸੇਵਾਵਾਂ ਸਟੀਲ, ਜਹਾਜਰਾਨੀ ਅਤੇ ਕੋਲਾ ਖਾਣਾਂ ਦੇ ਕੌਮੀਕਰਨ ਦੀ ਗੱਲ ਕੀਤੀ ਗਈ ਸੀ। ਇਹ ਰੂਸੀ ਇਨਕਲਾਬ ਦੇ ਪ੍ਰਭਾਵ ਦਾ ਸਪਸ਼ਟ ਸਬੂਤ ਸੀ। ਇਹ ਪਿछਲੇ ਨਾਲੋਂ ਇਕ ਕਦਮ ਅਗੇ ਸੀ, ਅਤੇ ਕੌਮੀ ਇਨਕਲਾਬੀਆਂ ਦਾ ਸਮਾਜਵਾਦੀ ਵਿਚਾਰਧਾਰਾ ਅਤੇ ਇਨਕਲਾਬੀ ਜਨਸਮੂਹਾਂ ਵੱਲ ਪਹਿਲਾ ਕਦਮ ਸੀ।

ਭਗਤ ਸਿੰਘ ਵੱਲੋਂ ਆਪਣੀਆਂ ਸਰਗਰਮੀਆਂ ਸ਼ੁਰੂ ਕੀਤੇ ਜਾਣ ਦੇ ਦੋ ਜਾਂ ਤਿੰਨ ਸਾਲ ਪਹਿਲਾਂ ਇਹ ਹਾਲਾਤ ਸਨ। ਨਵਾਂ ਰੁਝਾਨ ਉਭਰ ਰਿਹਾ ਸੀ। 1925 ਅਤੇ 1928 ਦੇ ਦਰਮਿਆਨ ਹੋਰ ਘਟਨਾਵਾਂ ਵਾਪਰੀਆਂ। ਅਕਤੂਬਰ ਇਨਕਲਾਬ ਦਾ ਲੋਕਾਂ ਦੇ ਮਨਾਂ ਵਿਚ ਸਤਿਕਾਰ ਤੇ ਮਾਣ ਹੋਰ ਵਧਿਆ। ਖੁਦ ਭਾਰਤ ਵਿਚ ਮਜ਼ਦੂਰਾਂ ਦੇ ਵਡੇ ਹਿਸੇ ਕਮਿਊਨਿਸਟ ਲੀਡਰਸ਼ਿਪ ਅਧੀਨ ਸੰਘਰਸ਼ ਕਰ ਰਹੇ ਸਨ ਅਤੇ ਰੈਡੀਕਲ ਸਿਆਸੀ ਮੰਗਾਂ ਬੁਲੰਦ ਕਰ ਰਹੇ ਸਨ। ਕਾਂਗਰਸ ਦੂਸਰੀ ਨਾ-ਮਿਲਵਰਤਨ ਲਹਿਰ ਲਈ ਤਿਆਰੀਆਂ ਕਰ ਰਹੀ ਸੀ।

ਕਾਂਗਰਸੀ ਲੀਡਰਾਂ ਤੇ ਸੰਪੂਰਨ ਅਜ਼ਾਦੀ ਨੂੰ ਆਪਣੇ ਉਦੇਸ਼ ਵਜੋਂ ਸਵੀਕਾਰ ਕਰਨ ਲਈ ਦਬਾਅ ਪਾਇਆ ਜਾ ਰਿਹਾ ਸੀ।

ਭਗਤ ਸਿੰਘ ਦੇ ਖੁਲੇ ਤੌਰ ਤੇ ਪਬਲਿਕ ਜੀਵਨ ਵਿਚ ਦਾਖਲੇ ਨਾਲ ਇਹ ਗੱਲ ਐਲਾਨੀਆਂ ਤੌਰ ਤੇ ਸਾਹਮਣੇ ਆ ਗਈ ਕਿ ਇਕ ਨੌਜਵਾਨ ਇਨਕਲਾਬੀ ਉਠਿਆ ਹੈ ਜਿਹੜਾ ਜਨ ਸਮੂਹਾਂ ਦੀ ਗੱਲ ਕਰਨ ਲਈ ਫਿਕਰਮੰਦ ਸੀ, ਇਨਕਲਾਬ ਲਈ ਫਿਕਰਮੰਦ ਸੀ ਅਤੇ ਇਨਕਲਾਬ ਦੀ ਸਭ ਤੋਂ ਵਧ ਵਿਕਸਤ ਵਿਗਿਆਨ ਤੋਂ ਸਿਖਣ ਲਈ ਫਿਕਰਮੰਦ ਸੀ।

ਭਗਤ ਸਿੰਘ ਨੇ 2 ਫਰਵਰੀ 1931 ਵਿਚ ਨੌਜਵਾਨ ਰਾਜਸੀ ਵਰਕਰਾਂ ਨੂੰ ਲਿਖੇ ਪਤਰ ਵਿਚ ਵਿਅਕਤੀਗਤ ਦਹਿਸ਼ਤਵਾਦ ਨੂੰ ਰੱਦ ਕਰਦਿਆਂ ਅਤੇ ਖੁਲੇ ਤੌਰ ਤੇ ਤਿਆਗ ਦਿਤਾ ਸੀ। ਉਸ ਨੇ ਇਸ ਪੱਤਰ ਵਿਚ ਲਿਖਿਆ ਸੀ "ਜ਼ਾਹਰਾ ਤੌਰ ਤੇ ਮੈਂ ਦਹਿਸ਼ਤਪਸੰਦਾਂ ਵਾਂਗ ਕਾਰਵਾਈ ਕੀਤੀ ਹੈ। ਪਰ ਮੈਂ ਦਹਿਸ਼ਤ ਪਸੰਦ ਨਹੀਂ ਹਾਂ। ਮੈਂ ਇਕ ਇਨਕਲਾਬੀ ਹਾਂ ਜਿਸਦੇ, ਲੰਬੇ ਪਰੋਗਰਾਮ ਦੇ ਬਾਰੇ ਜਿਸ ਤੇ ਅਸੀਂ ਇਥੇ ਵਿਚਾਰ ਕਰ ਰਹੇ ਹਾਂ, ਅਜਿਹੇ ਨਿਸਚਿਤ ਵਿਚਾਰ ਹਨ।"

ਉਸ ਦਾ ਇਹ ਸਟੈਂਡ ਗਲਤ ਸਮਝਿਆ ਜਾ ਰਿਹਾ ਸੀ ਅਤੇ ਕੁਝ ਬੰਦੇ ਇਹ ਸੋਚਦੇ ਸਨ ਕਿ ਉਹ ਕਮਜ਼ੋਰ ਬਣ ਰਿਹਾ ਹੈ। ਇਸ ਗਲਤ ਫਹਿਮੀ ਨੂੰ ਦੂਰ ਕਰਦਿਆਂ ਇਸ ਪਤਰ ਵਿਚ ਉਹਨਾਂ ਅਗੇ ਲਿਖਿਆ "ਮੇਰੇ 'ਯੁਧ ਸਾਥੀ' ਰਾਮ ਪ੍ਰਸ਼ਾਦ ਬਿਸਮਲ ਵਾਂਗ ਮੇਰੇ ਤੇ ਦੋਸ਼ ਲਾਉਣਗੇ ਕਿ ਮੈਂ ਜੇਲ ਕੋਠੜੀ ਵਿਚ ਹੋਣ ਕਰਕੇ ਇਕ ਕਿਸਮ ਦੇ ਪ੍ਰਤੀਕਰਮ ਅਧੀਨ ਅਜਿਹਾ ਕਹਿ ਰਿਹਾ ਹਾਂ, ਉਹੀ ਅਕੀਦੇ ਹਨ, ਉਹੀ ਜੋਸ਼ ਤੇ ਲਗਨ ਹੈ ਅਤੇ ਉਹੀ ਭਾਵਨਾ ਹੈ ਜਿਸ ਤਰਾਂ ਦੀ ਮੈਂ ਜੇਲ ਤੋਂ ਬਾਹਰ ਰਖਦਾ ਸਾਂ, ਸ਼ਾਇਦ ਇਸ ਦੇ ਉਲਟ ਇਹ ਨਿਸਚਿਤ ਤੌਰ ਤੇ ਪਹਿਲਾਂ ਨਾਲੋਂ ਚੰਗੇ ਹਨ। ਇਸ ਲਈ ਮੈਂ ਆਪਣੇ ਪਾਠਕਾਂ ਨੂੰ ਸਾਵਧਾਨ ਕਰਦਾ ਹਾਂ ਕਿ ਉਹ ਮੇਰੇ ਸ਼ਬਦਾਂ ਨੂੰ ਪੜਦੇ ਸਮੇਂ ਖਾਸ ਧਿਆਨ ਰਖਣ। ਉਹ ਇਹਨਾਂ ਸ਼ਬਦਾਂ ਵਿਚ ਕੋਈ ਲੁਕੀ ਗੱਲ ਪੜਨ ਦਾ ਯਤਨ ਨਾ ਕਰਨ। ਮੈਂ ਆਪਣੇ ਪੂਰੇ ਜ਼ੋਰ ਨਾਲ ਐਲਾਨ ਕਰਦਾ ਹਾਂ ਕਿ ਮੈਂ ਦਹਿਸ਼ਤਪਸੰਦ ਨਹੀਂ ਹਾਂ ਅਤੇ ਨਾ ਹੀ ਮੈਂ ਅਜਿਹਾ ਕਦੀ ਸੀ ਸਿਵਾਏ ਸ਼ਾਇਦ ਮੇਰੇ ਇਨਕਲਾਬੀ ਜੀਵਨ ਦੇ ਅਰੰਭ ਵਿਚਲੇ ਸਮੇਂ ਦੇ, ਅਤੇ ਮੈਂ ਇਸ ਗੱਲ ਤੇ ਕਾਇਲ ਹਾਂ ਕਿ ਅਸੀਂ ਉਹਨਾਂ ਢੰਗਾਂ ਰਾਹੀਂ ਕੁਝ ਪ੍ਰਾਪਤ ਨਹੀਂ ਕਰ ਸਕਦੇ। ....................ਮੇਰਾ ਇਹ ਭਾਵ ਨਹੀਂ ਕਿ ਬੰਬ ਅਤੇ ਪਿਸਤੌਲ ਬੇਅਰਥ ਹਨ, ਸਗੋਂ ਇਸ ਦੇ ਉਲਟ ਹੈ। ਮੇਰੇ ਕਹਿਣ ਦਾ ਭਾਵ ਇਹ ਹੈ ਕਿ ਨਿਰਾ ਬੰਬ ਸੁਟਣਾ ਨਾ ਕੇਵਲ ਬੇਅਰਥ ਹੀ ਹੈ। ਬਲਕਿ ਕੁਝ ਸਮਿਆਂ ਤੇ ਨੁਕਸਾਨ ਦੇਹ ਵੀ। ਪਾਰਟੀ ਦੇ ਫੌਜੀ ਵਿਭਾਗ ਨੂੰ ਹਮੇਸ਼ਾ ਸਾਰੀ ਜੰਗੀ-ਸਮਗਰੀ ਤਿਆਰ ਰਖਣੀ ਚਾਹੀਦੀ ਹੈ ਤਾਂ ਕਿ ਕਿਸੇ ਐਮਰਜੈਂਸੀ ਸਮੇਂ ਇਹ ਵਰਤ ਹੋ ਸਕੇ। ਇਸ ਨੂੰ ਪਾਰਟੀ ਦੇ ਰਾਜਨੀਤਕ ਕੰਮ ਦਾ ਇਮਦਾਦੀ ਹੋਣਾ ਚਾਹੀਦਾ ਹੈ। ਇਹ ਪਾਰਟੀ ਤੋਂ ਅਜ਼ਾਦਾਨਾ ਕੰਮ ਕਰ ਸਕਦਾ ਹੈ ਅਤੇ ਨਾ ਹੀ ਕਰਨਾ ਚਾਹੀਦਾ ਹੈ।"

ਇਸ ਪੱਤਰ ਵਿਚ ਭਗਤ ਸਿੰਘ ਪੇਸ਼ਾਵਰ ਇਨਕਲਾਬੀਆਂ ਦੀ ਪਾਰਟੀ ਦੀ ਲੋੜ ਬਾਰੇ ਲਿਖਦੇ ਹੈ। ਪਰਤੱਖ ਤੌਰ ਤੇ ਲੈਨਿਨ ਦੀ ਉਘੀ ਕਿਤਾਬ "ਕੀ ਕਰਨਾ ਲੋੜੀਏ" ਤੋਂ ਪ੍ਰਭਾਵਤ ਹੁੰਦਿਆਂ ਭਗਤ ਸਿੰਘ ਇਸ ਤਰਾਂ ਦੀ ਪਾਰਟੀ ਦਾ ਸੱਦਾ ਦਿੰਦਾ ਹੈ "ਜਿਹੜੀ ਉਪਰ ਦਸੀ ਕਿਸਮ ਦੇ ਵਰਕਰਾਂ ਤੇ ਅਧਾਰਤ ਹੋਵੇ ਜਿਹਨਾਂ ਦੇ ਸਪਸ਼ਟ ਵਿਚਾਰ ਹੋਣ ਅਤੇ ਠੀਕਠਾਕ ਸਮਝਦਾਰੀ ਹੋਵੇ ਅਤੇ ਪਹਿਲਕਦਮੀ ਦੀ ਅਤੇ ਛੇਤੀ ਫੈਸਲਾ ਲੈਣ ਦੀ ਯੋਗਤਾ ਹੋਵੇ। ਅਜਿਹੀ ਪਾਰਟੀ ਦਾ ਫੌਲਾਦੀ ਡਿਸਪਲਿਨ ਹੋਣਾ ਚਾਹੀਦਾ ਹੈ—ਇਸ ਦਾ ਨਾਂਅ ਕਮਿਊਨਿਸਟ ਪਾਰਟੀ ਹੋਣਾ ਚਾਹੀਦਾ ਹੈ।" ਭਾਵੇਂ ਮਾਰਕਸਵਾਦ ਤਕ ਸਫਰ ਅਜੇ ਮੁਕੰਮਲ ਨਹੀਂ ਸੀ ਹੋਇਆ ਪਰ ਇਸ ਪੱਤਰ ਤੋਂ ਇਹ ਸਪਸ਼ਟ ਹੈ ਕਿ ਭਗਤ ਸਿੰਘ ਵਿਅਕਤੀਗਤ ਕਾਰਵਾਈ ਤੋਂ ਜਨਤਕ ਇਨਕਲਾਬੀ ਲਹਿਰ ਦੀ ਪੋਜ਼ੀਸ਼ਨ ਉਤੇ, ਵਿਅਕਤੀਗਤ ਇਨਕਲਾਬ ਤੋਂ ਜਮਾਤੀ ਇਨਕਲਾਬ ਅਤੇ ਜਮਾਤੀ ਸੰਘਰਸ਼ ਦੀ ਪੋਜ਼ੀਸ਼ਨ ਉਤੇ ਆ ਗਿਆ ਸੀ।

ਅੱਜ ਜਦੋਂ ਕਿ ਸਾਡਾ ਦੇਸ਼ ਬਹੁਤ ਹੀ ਔਖੀ ਘੜੀ ਵਿਚੋਂ ਦੀ ਲੰਘ ਰਿਹਾ ਹੈ ਭਗਤ ਸਿੰਘ ਤੋਂ ਸਾਰੇ ਦੇਸ਼ ਭਗਤ ਵਰਗਾਂ ਤੇ ਵਿਸ਼ੇਸ਼ ਕਰਕੇ ਨੌਜਵਾਨਾਂ ਨੂੰ ਸਾਡੇ ਦੇਸ਼ ਵਿਰੁਧ ਸਾਮਰਾਜੀ ਸਾਜ਼ਿਸ਼ਾਂ ਵਿਰੁਧ ਲੜਨ ਅਤੇ ਦੇਸ਼ ਦੀ ਏਕਤਾ ਤੇ ਅਖੰਡਤਾ ਦੀ ਰਾਖੀ ਲਈ ਉਤਸ਼ਾਹ ਤੇ ਹੌਂਸਲਾ ਪ੍ਰਾਪਤ ਕਰਨਾ ਚਾਹੀਦਾ ਹੈ, ਅਤੇ ਇਸ ਵਾਸਤੇ ਹਰ ਪਰਕਾਰ ਦੀਆਂ ਕੁਰਬਾਨੀਆਂ ਦੇਣ ਲਈ ਤਿਆਰ ਰਹਿਣਾ ਚਾਹੀਦਾ ਹੈ। ਇਹਨਾਂ ਲਿਖਤਾਂ ਤੋਂ ਨੌਜਵਾਨਾਂ ਦੇ ਸਾਰੇ ਵਰਗਾਂ ਨੂੰ ਲੋਕ ਜਮਹੂਰੀਅਤ ਤੇ ਜਮਾਜਵਾਦ ਲਈ ਸੰਘਰਸ਼ ਨੂੰ ਅਗੇ ਤੋਰਨ ਵਾਸਤੇ ਫਿਕਰਮੰਦ ਹੋਣ ਲਈ ਵੀ ਉਤਸ਼ਾਹ ਤੇ ਹੌਂਸਲਾ ਲੈਣਾ ਚਾਹੀਦਾ ਹੈ।

# ਸਮੱਸਿਆ ਕੇਵਲ ਰਾਜਸੀ ਹੱਲ ਰਾਹੀਂ ਹੀ ਸੁਲਝਾਈ ਜਾ ਸਕਦੀ ਹੈ

**ਪੰਜਾਬ ਮਸਲੇ ਬਾਰੇ ਪਰਧਾਨ ਮੰਤਰੀ ਨੂੰ ਪੱਤਰ**



—ਹਰਕਿਸ਼ਨ ਸਿੰਘ ਸਰਜੀਤ

(ਪੰਜਾਬ ਮਸਲੇ ਬਾਰੇ ਸਾਥੀ ਹਰਕਿਸ਼ਨ ਸਿੰਘ ਸੁਰਜੀਤ ਦਾ ਪ੍ਰਧਾਨ ਮੰਤਰੀ ਨੂੰ ਖੁਲ੍ਹਾ ਪੱਤਰ ਜੋ 27-2-89 ਨੂੰ ਭੇਜਿਆ ਗਿਆ ਜਿਸ ਵਿਚ ਮਸਲੇ ਦੇ ਹੱਲ ਲਈ ਫੌਰੀ ਕਦਮ ਚੁਕਣ ਲਈ ਜ਼ੋਰ ਦਿਤਾ ਗਿਆ ਸੀ)

ਹਰ ਉਹ ਦੇਸ਼ਭਗਤ ਭਾਰਤੀ ਜਿਹੜਾ ਰਾਸ਼ਟਰੀ ਏਕਤਾ, ਫਿਰਕੂ ਸਦ-ਭਾਵਨਾ ਅਤੇ ਅਮਨ ਲਈ ਖਲੋਂਦਾ ਹੈ ਪੰਜਾਬ ਵਿਚਲੀ ਸਥਿਤੀ ਅਤੇ ਪੰਜਾਬ ਦੇ ਲੋਕਾਂ ਵਲੋਂ ਹੰਢਾਏ ਜਾ ਰਹੇ ਦੋਜ਼ਖ ਤੋਂ ਬਹੁਤ ਜਿਆਦਾ ਚਿੰਤਾ ਮਹਿਸੂਸ ਕਰ ਰਿਹਾ ਹੈ। ਹਰ ਸਵੇਰੇ ਅਖਬਾਰ ਬੇਦੋਸ਼ੇ ਲੋਕਾਂ ਦੇ ਕਤਲਾਂ, ਲੁਟ ਖੋਹਾਂ, ਖਜਲ ਖੁਆਰੀ ਕੀਤੇ ਜਾਣ, ਜਬਰੀ ਉਗਰਾਹੀ ਅਤੇ ਇਸਤਰੀਆਂ ਦੀ ਬੇਪਤੀ ਆਦਿ ਦੀਆਂ ਵਾਰਦਾਤਾਂ ਨਾਲ ਭਰੇ ਪਏ ਹੁੰਦੇ ਹਨ। ਇਹ ਕੇਵਲ ਦਹਿਸ਼ਤਗਰਦ ਹੀ ਨਹੀਂ ਜਿਹੜੇ ਸਮਾਜ ਵਿਰੋਧੀ ਅਨਸਰਾਂ ਸਮੇਤ ਅਜੇਹੀਆਂ ਸਰ-ਗਰਮੀਆਂ ਕਰਦੇ ਹਨ, ਇਥੋਂ ਤਕ ਕਿ ਪੁਲਸ ਅਤੇ ਪ੍ਰਸਾਸ਼ਨ ਵੀ ਇਸਦਾ ਹਿਸੇਦਾਰ ਬਣ ਗਿਆ ਹੈ। ਜਦੋਂ 11 ਮਈ 1987 ਨੂੰ ਬਰਨਾਲਾ ਸਰਕਾਰ ਬਰਖਾਸਤ ਕੀਤੀ ਗਈ ਸੀ ਤਾਂ ਸਰਕਾਰ ਵਲੋਂ ਇਸਦਾ ਪਰਮੁਖ ਕਾਰਨ ਰਾਜ ਵਿਚ ਅਮਨ ਤੇ ਕਾਨੂੰਨ ਦੀ ਸਥਿਤੀ ਦਾ ਵਿਗੜਨਾ ਦਸਿਆ ਗਿਆ ਸੀ ਕਿਉਂਕਿ ਮੌਤਾਂ ਦੀ ਗਿਣਤੀ ਇਕ ਮਹੀਨੇ ਵਿਚ ਵਧਕੇ 79 ਹੋ ਗਈ ਸੀ। ਐਪਰ ਜੇ ਰਾਸ਼ਟਰਪਤੀ ਹਕੂਮਤ ਦੋਰਾਨ ਇਸ ਸਬੰਧੀ ਰਿਕਾਰਡ ਫਰੋਲਿਆ ਜਾਵੇ ਤਾਂ ਇਹ ਗਿਣਤੀ ਹਜ਼ਾਰਾਂ ਤੱਕ ਪਹੁੰਚ ਗਈ ਹੈ। ਕੇਵਲ ਪਿਛਲੇ ਹਫਤੇ ਹੀ ਗ੍ਰਹਿ ਰਾਜ ਮੰਤਰੀ ਨੇ ਪਾਰਲੀਮੈਂਟ ਵਿਚ ਮੰਨਿਆ ਹੈ ਕਿ 12 ਮਈ 1987 ਤੋਂ 31 ਜਨਵਰੀ 1989 ਦੋਰਾਨ ਅੱਤਵਾਦੀਆਂ ਤੇ ਵੱਖ-ਵਾਦੀਆਂ ਦੀਆਂ ਸਰਗਰਮੀਆਂ ਕਾਰਨ 2688 ਬੇਦੋਸ਼ੇ ਲੋਕ ਆਪਣੀਆਂ ਜਾਨਾਂ ਤੋਂ ਹੱਥ ਧੋ ਬੈਠੇ ਹਨ। ਇਹਨਾਂ ਵਿਚ ਹਜ਼ਾਰਾਂ ਉਹ ਸ਼ਾਮਲ ਨਹੀਂ, ਜਿਹੜੇ ਜ਼ਖ਼ਮੀ ਹੋਏ ਹਨ ਜਾਂ ਜਿਹਨਾਂ ਤੋਂ ਅੱਤਵਾਦੀਆਂ ਨੇ ਜ਼ਬਰੀ ਉਗਰਾਹੀਆਂ ਕੀਤੀਆਂ ਹਨ। ਗੁਰਦਾਸਪੁਰ ਜ਼ਿਲੇ ਵਿਚ ਬੋਲਦੇ ਸਮੇਂ ਲੋਕ ਸਭਾ ਸਪੀਕਰ ਸ੍ਰੀ ਬਲਰਾਮ ਜਾਖੜ ਨੂੰ ਵੀ ਮੰਨਣਾ ਪਿਆ ਕਿ ਰਾਜ ਵਿਚ ਪ੍ਰਸਾਸ਼ਨ ਦਾ ਭੁੱਠਾ ਬੈਠ ਗਿਆ ਹੈ। ਇਹ ਬਿਆਨ ਖ਼ੁਦ ਹੀ ਸਰਕਾਰੀ ਬੁਲਾਰਿਆਂ ਦੇ ਸਾਰੇ ਲੰਬੇ ਚੌੜੇ ਦਾਅਵਿਆਂ ਨੂੰ ਝੁਠਲਾਉਂਦੇ ਹਨ। ਪੰਜਾਬ ਵਿਚਲੀ ਨਿਰੰਤਰ ਵਿਗੜ ਰਹੀ ਸਥਿਤੀ ਪ੍ਰਤੀ ਤੁਹਾਡੀ ਸਰਕਾਰ ਦੀ ਲਾਪ੍ਰਵਾਹੀ ਦੀ ਅਤੇ ਬੇਰੁੱਖੀ ਦੇ ਹੁੰਦਿਆਂ, ਹਰ ਕੋਈ ਇਸ ਗਲੋਂ ਇਹ ਸੋਚ ਕੇ ਝੰਜੋੜਿਆ ਜਾਂਦਾ ਹੈ ਕਿ ਤੁਹਾਡੇ ਵਲੋਂ ਇਸ ਗੰਭੀਰ ਸਥਿਤੀ ਨੂੰ ਨਜਿਠਣ ਲਈ ਗੂੜ੍ਹੀ ਨੀਂਦ ਤੋਂ ਉਠਣ ਤੋਂ ਪਹਿਲਾਂ ਹੋਰ ਪਤਾ ਨਹੀਂ ਕਿੰਨਾ ਖ਼ੂਨ ਵਗਣਾ ਹੈ।

ਪੰਜਾਬ ਵਿਚਲੀ ਗੰਭੀਰ ਸਥਿਤੀ ਜਿਹੜੀ ਦੇਸ਼ ਦੀ ਏਕਤਾ ਤੇ ਅਖੰਡਤਾ ਤੱਕ ਨੂੰ ਹੀ ਖਤਰਾ ਪੈਦਾ ਕਰ ਰਹੀ ਹੈ, ਰਾਜ ਦੀਆਂ ਸਰਹੱਦਾਂ ਤੋਂ ਬਾਹਰ ਵੀ ਪ੍ਰਭਾਵ ਪਾਉਣ ਲਗੀ ਹੈ। ਜੰਮੂ ਵਿਚ ਲੋਕਾਂ ਨੇ ਕਦੇ ਵੀ ਹਿੰਦੂ ਸਿੱਖ ਫਸਾਦ ਨਹੀਂ ਸਨ ਸੁਣੇ। ਐਪਰ ਹਾਲ ਹੀ ਵਿਚ ਹਰ ਇਕ ਨੂੰ ਦੋਹਾਂ ਫਿਰਕਿਆਂ ਨੂੰ ਇਕ ਦੂਸਰੇ ਵਿਰੁਧ ਭੜਕਾਉਣ ਦੀਆਂ ਅਤੇ ਇਸਦੇ ਫਲਸਰੂਪ ਗੁਰੂ ਗੋਬਿੰਦ ਸਿੰਘ ਦੇ


# ਸਿੰਘ ਫੂਡਜ਼

ਹਰੀਆਂ ਤਾਜ਼ੀਆਂ ਸਬਜ਼ੀਆਂ ਹਫਤੇ ਦੇ ਸੱਤੇ ਦਿਨ ਮਿਲਦੀਆਂ ਹਨ

ਵਿਆਹ ਸ਼ਾਦੀ, ਅਖੰਡ ਪਾਠਾਂ ਆਦਿ ਲਈ ਗਰੋਸਰੀ ਖ਼ੀਦਣ ਤੇ ਸਪੈਸ਼ਲ ਡਿਸਕਾਊਂਟ ਹੋਵੇਗਾ

ਹੋਰ ਜਾਣਕਾਰੀ ਲਈ ਫ਼ੋਨ ਕਰੋ :

ਫ਼ੋਨ : 327-4911

SINGH FOODS

6684 ਮੇਨ ਸਟਰੀਟ, (51 ਐਵੇਨਿਊ) ਵੈਨਕੂਵਰ, ਬੀ. ਸੀ.

ਗੁਰਪੁਰਵ ਦੇ ਅਵਸਰ 'ਤੇ ਬੇਦੋਸ਼ੇ ਲੋਕਾਂ ਦੇ ਕਤਲਾਂ, ਘਰਾਂ ਨੂੰ ਸਾੜਨ ਅਤੇ ਦੁਕਾਨਾਂ ਲੁੱਟਣ ਦੀਆਂ ਦੁਖਦਾਈ ਸੋਗੀ ਖਬਰਾਂ ਦਾ ਸਾਹਮਣਾ ਕਰਨਾ ਪਿਆ। ਵੱਖਵਾਦੀ ਤੇ ਰੂੜੀਵਾਦੀ ਸ਼ਕਤੀਆਂ ਘਾਟੀ ਵਿਚ ਬਹੁਤ ਸਰਗਰਮ ਹੋ ਗਈਆਂ ਹਨ ਅਤੇ ਉਹ ਗਣਤੰਤਰ ਦਿਵਸ ਦੇ ਅਵਸਰ 'ਤੇ ਬੰਦ ਕਰਨ ਲਈ ਲੋਕਾਂ ਨੂੰ ਅਪਣੇ ਪਿੱਛੇ ਲਾਉਣ ਵਿਚ ਸਫਲ ਹੋ ਗਈਆਂ ਹਨ। ਇਸਦਾ ਅਰਥ ਹੈ ਕਿ ਸਮੁੱਚੇ ਉਤਰੀ-ਪਛਮੀ ਖੇਤਰ ਨੇ ਖਤਰਾ ਪੈਦਾ ਕਰਨਾ ਅਰੰਭ ਦਿਤਾ ਹੈ ਜਿਥੇ ਰਾਸ਼ਟਰ ਵਿਰੋਧੀ ਸ਼ਕਤੀਆਂ ਅਤੇ ਬਦੇਸ਼ੀ ਤਾਕਤਾਂ ਅਸਥਿਰਤਾ ਦੀ ਸਥਿਤੀ ਪੈਦਾ ਕਰਨ ਯੋਗ ਹੋ ਗਈਆਂ ਹਨ। ਇਹ ਨਿਰਸੰਦੇਹ ਦੇਸ਼ ਲਈ ਸੁਰਖਿਆ ਜੋਖਮ ਪੈਦਾ ਕਰਦਾ ਹੈ।

ਕਿਸੇ ਹੋਰ ਮੁੱਦੇ ਉਪਰ ਸਰਕਾਰ ਦੀ ਨੀਤੀ ਦਾ ਦਿਵਾਲੀਆਂ ਪਣ ਐਨਾ ਵਧੇਰੇ ਪਰਤੱਖ ਨਹੀਂ ਜਿੰਨਾ ਪੰਜਾਬ ਸਮਸਿਆ ਨੂੰ ਨਜਿਠਣ ਦੇ ਸਬੰਧ ਵਿਚ ਹੈ। ਕੇਂਦਰ ਸਰਕਾਰ ਵਲੋਂ ਅਪਣਾਈ ਗਈ ਢਿਲਮੱਠ ਦੀ ਨੀਤੀ ਪੰਜਾਬ ਵਿਚਲੀ ਮੌਜੂਦਾ ਗੰਭੀਰ ਸਥਿਤੀ ਲਈ ਜ਼ਿੰਮੇਂਵਾਰ ਹੈ। ਇਸਨੇ ਖੱਬੀਆਂਖੱਬੀਆ ਤੇ ਜਮਹੂਰੀ ਸ਼ਕਤੀਆਂ ਦੀ ਇਸ ਚਿਤਾਵਨੀ ਵੱਲ ਧਿਆਨ ਦੇਣ ਤੋਂ ਇਨਕਾਰ ਕੀਤਾ ਕਿ ਨਾਂ ਤਾਂ ਇਕੱਲੇ ਪ੍ਰਸਾਸ਼ਕੀ ਕਦਮ ਅਤੇ ਨਾ ਹੀ ਕੁਝ ਆਰਥਿਕ ਰਿਆਇਤਾਂ ਦਾ ਐਲਾਨ ਹੀ ਪੰਜਾਬ ਦੀ ਸਮਸਿਆ ਦਾ ਹੱਲ ਕਰਨ ਵਿਚ ਸਹਾਈ ਹੋਵੇਗਾ। ਸਮਸਿਆ ਕੇਵਲ ਰਾਜਨੀਤਕ ਕਦਮਾਂ ਰਾਹੀਂ ਹੀ ਹੱਲ ਹੋ ਸਕਦੀ ਹੈ ਅਤੇ ਤੁਹਾਡੀ ਸਰਕਾਰ ਇਸ ਹਕੀਕਤ ਦਾ ਸਾਹਮਣਾ ਕਰਨ ਤੋਂ ਇਨਕਾਰੀ ਹੈ।

ਮੈਂ ਉਹਨਾਂ ਸਾਰੇ ਮੌਕਿਆਂ ਦਾ ਇਥੇ ਮੁੜ ਜਿਕਰ ਕਰਨਾ ਜ਼ਰੂਰੀ ਨਹੀਂ ਸਮਝਦਾ ਜਿਹੜੇ ਕਿ ਕੇਂਦਰ ਸਰਕਾਰ ਨੇ ਆਪਣੀ ਅੜੀ, ਥੋੜਦਰਿਸ਼ਟੀ ਅਤੇ ਹਾਕਮ ਪਾਰਟੀ ਦੇ ਤੰਗ ਹਿਤਾਂ ਖਾਤਰ ਪੰਜਾਬ ਸਮਸਿਆ ਨੂੰ ਹੱਲ ਕਰਨ ਲਈ ਗੁਆਏ ਹਨ। ਕਈ ਮੌਕਿਆਂ ਤੇ ਅੱਤਵਾਦੀ ਨਿਖੜੇ ਸਨ ਅਤੇ ਦੇਸ਼ ਭਗਤਕ ਸ਼ਕਤੀਆਂ ਦਾ ਹੱਥ ਉਪਰ ਹੋਇਆ ਸੀ ਪਰ ਸਰਕਾਰ ਨੇ ਅਜੇਹੇ ਅਵਸਰਾਂ 'ਤੇ ਵਾਰ ਵਾਰ ਪਹਿਲਕਦਮੀ ਦੀ ਘਾਟ ਦਿਖਾਈ ਹੈ। ਰਾਸ਼ਟਰ ਵਿਰੋਧੀ ਸ਼ਕਤੀਆਂ ਨੂੰ ਹਲਾਸ਼ੇਰੀ ਦੇਣ ਲਈ ਰਾਜ ਵਿਚਲੀ ਵਿਗੜੀ ਸਥਿਤੀ ਦਾ ਸਾਮਰਾਜਵਾਦ ਨੇ ਲਾਭ ਉਠਾਇਆ ਹੈ। ਇਹ ਕੇਵਲ ਸ੍ਰੀਮਤੀ ਇੰਦਰਾ ਗਾਂਧੀ ਦੇ ਕਤਲ ਪਿਛੋਂ, ਜਿਥੇ ਦਿੱਲੀ ਤੇ ਦੂਸਰੇ ਥਾਵਾਂ ਉਪਰ ਹਜ਼ਾਰਾਂ ਬੇਦੋਸ਼ੇ ਸਿੱਖ ਕਤਲ ਕਰ ਦਿਤੇ ਗਏ ਸਨ, ਉਪਜੀ ਗੰਭੀਰ ਸਥਿਤੀ ਉਪਰੰਤ ਹੀ ਸੀ ਕਿ ਤੁਸੀਂ ਸੰਤ ਹਰਚੰਦ ਸਿੰਘ ਲੌਂਗੋਵਾਲ ਨਾਲ ਗਲਬਾਤ ਰਾਹੀਂ ਸਮਝੌਤੇ ਉਪਰ ਪਹੁੰਚਣ ਲਈ ਪਹਿਲਕਦਮੀ ਲਈ ਸੀ।

ਐਪਰ ਸਮਝੋਤਾ ਲਾਗੂ ਕਰਨ ਅਤੇ ਇਸ ਤਰਾਂ ਉਹਨਾਂ ਸ਼ਕਤੀਆਂ ਨੂੰ ਮਜਬੂਤ ਕਰਨ ਦੀ ਥਾਂ ਜਿਹੜੀਆਂ ਦੇਸ਼ ਦੀ ਏਕਤਾ ਲਈ ਖਲੋਂਦੀਆਂ ਹਨ ਅਤੇ ਜਿਹੜੀਆਂ ਵੱਖਵਾਦ ਤੇ ਅੱਤਵਾਦ ਵਿਰੁਧ ਲੜਨ ਲਈ ਵਚਨਬਧ ਹਨ ਤੁਸੀਂ ਬਰਨਾਲਾ ਸਰਕਾਰ ਨੂੰ, ਪਰਤੱਖ ਤੌਰ 'ਤੇ ਪੰਜਾਬ ਦੀ ਕੀਮਤ 'ਤੇ ਹਰਿਆਣਾ ਚੋਣਾਂ ਜਿਤਣ ਦੇ ਮਨਸੂਬੇ ਨਾਲ, ਬਰਖਾਸਤ ਕਰਨਾ ਮੁਨਾਸਬ ਸਮਝਿਆ। ਇਸ ਨੇ ਵੀ ਤੁਹਾਨੂੰ ਕੁਝ ਨਾ ਦਿਤਾ। ਇਕ ਵਾਰ ਫਿਰ ਪਹਿਲਕਦਮੀ ਨੂੰ ਅੱਤਵਾਦੀਆਂ ਦੇ ਹੱਥਾਂ ਵਿਚ ਜਾਣ ਦੀ ਆਗਿਆ ਦਿਤੀ ਗਈ ਜਿਹਨਾਂ ਨੇ ਮੁੜ ਗੁਰਦੁਆਰਿਆਂ ਵਿਚੋਂ ਆਪਣਾ ਪਰਜ਼ਾਰ ਤੇਜ਼ ਕਰ ਦਿਤਾ।

"ਕਾਲੀ ਗਰਜ ਕਾਰਵਾਈ" ਨੇ ਅੱਤਵਾਦੀਆਂ ਨੂੰ ਬੇਨਕਾਬ ਕਰ ਦਿਤਾ ਅਤੇ ਉਹਨਾਂ ਨੂੰ ਸਿਖ ਜਨਸਮੂਹਾਂ ਵਿਚੋਂ ਨਿਖੇੜ ਦਿਤਾ। ਐਪਰ ਤੁਹਾਡੀ ਸਰਕਾਰ ਨੇ ਰਾਜਨੀਤਕ ਹੱਲ ਲੈ ਕੇ ਸਾਹਮਣੇ ਆਉਣ ਰਾਹੀਂ ਇਸ ਸਥਿਤੀ ਦੀ ਵਰਤੋਂ ਕਰਨ ਲਈ ਫਿਰ ਮੌਕਾ ਹਥੋਂ ਗੁਆ ਦਿਤਾ। ਪਹਿਲੀ ਅਕਤੂਬਰ, 1988 ਨੂੰ ਇਕ ਕੇਬੀਨਟ ਸਬ ਕਮੇਟੀ ਦਾ ਐਲਾਨ ਕੀਤਾ ਗਿਆ ਜਿਸ ਨੇ ਪੰਜ ਮਹੀਨੇ ਗੁਜ਼ਰ ਜਾਣ ਉਪਰੰਤ ਵੀ ਆਪਣੀ ਰਿਪੋਟ ਪੇਸ਼ ਨਹੀਂ ਕੀਤੀ ਜਿਹੜਾ ਤੁਹਾਡੀ ਸਰਕਾਰ ਦੀ ਬੇਰੁਖੀ ਹੀ ਦਰਸਾਉਂਦਾ ਹੈ। ਰਾਜ ਦੀ ਅਤੇ ਨਾਲ ਹੀ ਦੇਸ ਦੀ ਜਮਹੂਰੀ ਰਾਏ ਦੇ ਵਿਸ਼ਾਲ ਭਾਗਾਂ ਵਿਚ ਇਹ ਨਿਰਾਸ਼ਤਾ ਪੈਦਾ ਕਰ ਰਿਹਾ ਹੈ।

ਹਰ ਕੋਈ ਜਾਣਦਾ ਹੈ ਕਿ ਪੰਜਾਬ ਸਥਿਤੀ ਦਾ ਪ੍ਰਭਾਵ ਕੇਵਲ ਇਸੇ ਰਾਜ ਤੱਕ ਸੀਮਤ ਨਹੀਂ ਹੈ। ਇਹ ਜਰਾਸ਼ੀਮ ਸਮੁੱਚੇ ਦੇਸ਼ ਵਿਚ ਫੈਲ ਰਿਹਾ ਹੈ। ਸਿਵਾਏ ਖੱਬੀ ਧਿਰ ਦੀ ਅਗਵਾਈ ਵਾਲੇ ਰਾਜਾਂ ਵਿਚ ਸਿਖਾਂ 'ਚ ਹਰ ਰਾਜ ਵਿਚ ਗੈਰ ਹੋਣ ਦੀ ਭਾਵਨਾ ਪਾਈ ਜਾ ਰਹੀ ਹੈ। ਜਿਥੇ ਤੱਕ ਪੰਜਾਬ ਦਾ ਸਬੰਧ ਹੈ ਲੋਕ ਅੱਤਵਾਦੀਆਂ ਤੋਂ ਅਕੇ ਪਏ ਹਨ। ਅੱਤਵਾਦੀ ਕੇਵਲ ਨਿਖੜੇ ਹੀ ਨਹੀਂ ਹੋਏ ਬਲਕਿ ਲੋਕਾਂ ਵਿਚ ਉਹਨਾਂ ਵਿਰੁਧ ਨਫਰਤ ਵਿਕਸਤ ਹੋ ਰਹੀ ਹੈ। ਐਪਰ ਨਾਲ ਹੀ ਲੋਕਾਂ ਦਾ ਸਥਿਤੀ ਨਾਲ ਨਿਪਟਣ ਦੇ ਸਬੰਧ ਵਿਚ ਸਰਕਾਰ ਦੀ ਸਮਰਥਾ ਉਤੇ ਭਰੋਸਾ ਉੱਠ ਗਿਆ ਹੈ। ਭਾਵਨਾ ਇਹ ਪਾਈ ਜਾ ਰਹੀ ਹੈ ਕਿ ਸਰਕਾਰ ਨਾ ਕੇਵਲ ਇਸ ਮਸਲੇ ਨੂੰ ਹੱਲ ਕਰਨ ਲਈ ਸੰਜੀਦਾ ਹੀ ਨਹੀਂ ਹੈ ਬਲਕਿ ਇਹ ਰਾਜ ਦੇ ਲੋਕਾਂ ਨਾਲ ਵੱਡੀ ਬੇਇਨਸਾਫੀ ਕਰ ਰਹੀ ਹੈ। ਪੁਲਸ ਤੇ ਪ੍ਰਸਾਸ਼ਨ ਦਾ ਵਤੀਰਾ ਸਥਿਤੀ ਨੂੰ ਹੋਰ ਖਰਾਬ ਕਰ ਰਿਹਾ ਹੈ। ਅੱਤਵਾਦੀਆਂ ਵਿਰੁਧ ਲੜਨ ਲਏ ਇਹਨਾਂ ਨੂੰ ਪਿਛਾਣਨ ਵਾਸਤੇ ਲੋਕਾਂ ਨੂੰ ਉਭਾਰਨਾ ਮੁਸ਼ਕਲ ਹੋ ਰਿਹਾ ਹੈ। ਜੋ ਕੁਝ ਗੁਰਦਾਸਪੁਰ ਵਿਚ ਵਾਪਰ ਰਿਹਾ ਹੈ ਉਹ ਸਭ ਨੂੰ ਪਤਾ ਹੈ। ਪੁਲਸ ਤੇ ਪ੍ਰਸ਼ਾਸਨ ਆਮ ਲੋਕਾਂ

SANTORIA
PIZZA
13979-16TH AVE.
IN THE NICHOL PLAZA
DELIVERY AFTER 4-30
Ph. 531-2772

Star Drywall
Construction Co. Ltd.
P.O.BOX 639
SURREY, B.C. V3T 5L9
- Complete Drywall Service
- Guaranteed Work
- Free Estimates

Sahib or Nake
Ph. (604) 589-4830

ਬੇਦੋਸ਼ੇ ਨਜ਼ਰਬੰਦਾਂ ਨੂੰ ਰਿਹਾਅ ਕਰ ਦੇਵੇ, ਇਸ ਗਲ ਨੂੰ ਲਾਂਭੇ ਰਖਦਿਆ ਕਿ ਦੋਸ਼ੀ ਕਿਸ ਪਾਰਟੀ ਨਾਲ ਸਬੰਧ ਰਖਦੇ ਹਨ ਦਿੱਲੀ ਦੰਗਿਆਂ ਦੇ ਦੋਸ਼ੀਆਂ 'ਤੇ ਮੁਕੱਦਮਾ ਚਲਾਇਆ ਜਾਵੇ, ਪੰਜਾਬ ਸਮਝੌਤੇ ਦੇ ਚੋਖਟੇ ਅੰਦਰ ਰਾਜਨੀਤਕ ਹੱਲ ਲਭਿਆ ਜਾਵੇ ਅਤੇ ਅੱਤਵਾਦੀਆਂ ਨਾਲ ਨਜਿਠਣ ਵਾਸਤੇ ਲੋਕਾਂ ਦਾ ਸਮਰਥਨ ਜਿਤਣ ਤੇ ਲਾਮਬੰਦ ਕਰਨ ਨੂੰ ਮੁਖ ਰਖਦਿਆਂ ਪ੍ਰਸ਼ਾਸ਼ਨ ਦਾ ਉਵਰਹਾਲ ਕਰ ਦਿਤਾ ਜਾਵੇ ਤਾਂ ਮੈਨੂੰ ਯਕੀਨ ਹੈ ਕਿ ਪੰਜਾਬ ਦੇ ਲੋਕ ਅੱਤਵਾਦੀਆਂ ਵਿਰੁੱਧ ਖੁਦ ਲੜਾਈ ਦੇਣ ਵਾਸਤੇ ਅਤੇ ਰਾਜ ਵਿਚੋਂ ਇਸ ਖਤਰੇ ਨੂੰ ਖਤਮ ਕਰਨ ਲਈ ਤਾਕਤ ਫੜ ਲੈਣਗੇ ।

ਇਹ ਮੰਦਭਾਗੀ ਗਲ ਹੈ ਕਿ ਰਾਸ਼ਟਰੀ ਏਕਤਾ ਦੇ ਸੁਆਲ ਦੀ ਹਾਕਮ ਪਾਰਟੀ ਅਪਣੇ ਤੰਗ ਰਾਜਸੀ ਹਿਤਾਂ ਲਈ ਵਰਤੋਂ ਕਰ ਰਹੀ ਹੈ । ਮੈਂ ਤੁਹਾਡੇ ਉਪਰ ਜ਼ੋਰ ਦਿੰਦਾ ਹਾਂ ਕਿ ਤੁਸੀਂ ਸਮੇਂ ਦੀ ਨਜ਼ਾਕਤ ਨੂੰ ਸਮਝੋ ਅਤੇ ਰਾਸ਼ਟਰੀ ਏਕਤਾ ਦੇ ਕਾਜ ਨੂੰ ਆਪਣੀ ਪਾਰਟੀ ਦੇ ਹਿਤਾਂ ਤੋਂ ਪ੍ਰਾਥਮਿਕਤਾ ਦਿਉ । ਪੰਜਾਬ ਸਰਹੱਦੀ ਰਾਜ ਹੈ । ਰਾਜ ਦੇ ਲੋਕਾਂ ਦੀ ਏਕਤਾ ਨੂੰ ਕਾਇਮ ਰਖਣਾ ਬਹੁਤ ਮਹੱਤਵਪੂਰਨ ਹੈ ਕਿਉਂਕਿ ਉਸ ਨਾਲ ਅਸੀਂ ਖੁਦ ਦੇਸ਼ ਦੀ ਏਕਤਾ ਦੀ ਹੀ ਰਾਖੀ ਕਰ ਰਹੇ ਹੋਵਾਂਗੇ । ਇਸਦੇ ਪ੍ਰਭਾਵ ਨੂੰ ਦੂਸਰੇ ਖੇਤਰਾਂ ਤੱਕ ਫੈਲਣ ਨਹੀਂ ਦਿਤਾ ਜਾਣਾ ਚਾਹੀਦਾ । ਇਸ ਸਮਸਿਆ ਦੇ ਹਲ ਦੀ ਤਤਕਾਲਤਾ ਨੂੰ ਇਸ ਸੰਦਰਭ ਵਿਚ ਦੇਖਿਆ ਜਾਣ, ਚਾਹੀਦਾ ਹੈ । ਇਹ ਅਹਿਸਾਸ ਕਰਨ, ਜ਼ਰੂਰੀ ਹੈ ਕਿ ਪੰਜਾਬ ਨੂੰ ਬਚਾਅ ਕੇ ਅਸੀਂ ਭਾਰਤ ਨੂੰ ਬਚਾਅ ਰਹੇ ਹੋਵਾਂਗੇ ।'

# ਲਹੂ ਦੀ ਬੋਅ

—ਕੰਵਰ ਸੈਨ

'ਤੁਸੀਂ ਮੰਨਦੇ ਕਿਉਂ ਨਹੀਂ ?' ਉਹਨੇ ਸਾਹਮਣੇ ਬੈਠੇ ਦੋਸਤ ਵਲ ਵੇਖਿਆ ਅਤੇ ਖੁਲਕੇ ਸਾਹ ਲੈਣ ਦੀ ਕੋਸ਼ਿਸ਼ ਕਰਨ ਲਗਾ—'ਪਹਾੜ ਦੇ ਉਸ ਪਾਰ ਤੋਂ ਆਉਣ ਵਾਲੇ ਹਵਾ ਦੇ ਬੁਲਿਆਂ ਵਿਚ ਲਹੂ ਦੀ ਬੋ ਹੀ ਨਹੀਂ ਅਗ ਦੇ ਭਬੂਕੇ ਅਤੇ ਸੇਕ ਵੀ ਹੈ ।'

'ਇਹ ਵੀ ਹੋ ਸਕਦਾ ਹੈ ਜੇਕਰ ਉਥੇ ਖੂਨ ਵਹਿ ਰਿਹਾ ਹੋਵੇ ਅਤੇ ਅਗ ਲਗ ਗਈ ਹੋਵੇ'—ਦੋਸਤ ਪ੍ਰੇਸ਼ਾਨ ਹੋ ਗਿਆ ।

'ਮੈਂ ਭਰੋਸੇ ਨਾਲ ਨਹੀਂ ਕਹਿ ਸਕਦਾ । ਹਵਾ ਲਗਾਤਾਰ ਉਧਰੋਂ ਦੀ ਵਗੇ ਤਾਂ ਪਤਾ ਲਗੇ । ਸ਼ਾਇਦ ਮੈਨੂੰ ਬਾਹਰ ਦੀ ਚੁਪ ਚਾਨ ਡਰਾ ਰਹੀ ਹੈ । ਇਹ ਵੀ ਹੋ ਸਕਦਾ ਹੈ ਕਿ ਪ੍ਰਕਿਰਤੀ ਕਿਸੇ ਪੁਰਾਣੇ ਹੀ ਦੁਖਾਂਤ ਨੂੰ ਯਾਦ ਕਰਕੇ ਹਾਉਕੇ ਭਰ ਰਹੀ ਹੋਵੇ । ਕੋਈ ਗਲ ਜ਼ਰੂਰ ਹੈ ਨਹੀਂ ਤਾਂ...'

'ਮੈਨੂੰ ਕੁਝ ਮਹਿਸੂਸ ਨਹੀਂ ਹੁੰਦਾ । ਸ਼ਾਇਦ ਵਹਿਮ ਵਿਚ ਪੈਣਾ ਮੇਰੀ ਆਦਤ ਨਹੀਂ ।' ਦੋਸਤ ਉਸ ਤੋਂ ਦੂਰ ਹੋਣ ਲਗਾ ।

'ਤੁਸੀਂ ਚਿਰਾਂ ਤੋਂ ਪਹਾੜ ਦੇ ਉਸ ਪਾਰ ਨਹੀਂ ਗਏ । ਕੋਈ ਆਪਣੀ ਬਸਤੀ ਦੀ ਸਰਹੱਦ ਦੂਜਿਆਂ ਲਈ ਐਵੇਂ ਹੀ ਬੰਦ ਨਹੀਂ ਕਰ ਦੇਂਦਾ । ਗਲ ਨੂੰ ਲੁਕਾਉਣ ਲਈ ਪਿਛੇ ਭੇਤ ਹੁੰਦਾ ਹੈ ।'

'ਦੂਜਿਆਂ ਲਈ ਹਰ ਵੇਲੇ ਸੋਚਦੇ ਰਹਿਣਾ ਠੀਕ ਨਹੀਂ ਹੁੰਦਾ । ਉਹਨਾਂ ਬਾਰੇ ਅੰਦਾਜ਼ੇ ਲਾਉਂਦੇ ਰਹਿਣ ਨਾਲ ਸਾਡਾ ਮਨ ਬੀਮਾਰ ਹੋ ਜਾਂਦਾ ਹੈ । ਸੋਚ ਵੀ ਗੰਦੀ ਹੋ ਜਾਂਦੀ ਹੈ । ਸਾਡੇ ਅੰਦਰ ਭੁਲੇਖਿਆਂ ਦਾ ਜਾਲ ਫੈਲ ਜਾਂਦਾ ਹੈ । ਅਸੀਂ ਉਹਦੇ ਅੰਦਰ ਮੱਖੀ ਵਾਂਗ ਫਸ ਜਾਂਦੇ ਹਾਂ । ਤੁਸੀਂ ਉਸ ਪਾਰ ਦਾ ਖਿਆਲ ਕਰਨਾ ਛੱਡ ਦਿਉ ।'

'ਇਹ ਨਹੀਂ ਹੋ ਸਕਦਾ । ਦੂਰੀ ਭਾਰੀ ਵਚਿਤਰ ਵਸਤੂ ਹੋਰ ਨਹੀਂ । ਦੂਰ ਹੁੰਦਿਆਂ ਹੀ ਸਾਡਾ ਵੇਖਿਆ-ਚਾਖਿਆ—ਜਾਣਿਆ ਪਛਾਣਿਆਂ ਵੀ ਓਪਰਾ ਲਗਣ ਲਗਦਾ ਹੈ । ਜਗਿਆਸੂ ਦੂਰੀ ਦੀ ਹੀ ਦੇਣ ਹੈ । ਬੀਤੀ ਹੋਈ ਕੌੜੀ ਅਤੇ ਬੇਸੁਆਦ ਜ਼ਿੰਦਗੀ ਵੀ ਮਿਠੀ ਲਗਣ ਲਗਦੀ ਹੈ ।' ਦੋਸਤ ਉਹਦੇ ਨੇੜੇ ਹੋ ਗਿਆ । ਬਾਰੀ ਖੋਲਕੇ ਵੇਖੋ ਕੋਈ ਸਾਨੂੰ ਬੁਲਾ ਰਿਹਾ ਹੈ ।'

'ਅਜਿਹਾ ਨਾ ਕਰ ਬੈਠੀਂ ।' ਉਹ ਸਹਿਮ ਗਿਆ 'ਬਾਰੀ ਖੁਲਦਿਆਂ ਹੀ ਦਹਿਸ਼ਤ ਭਰੀ ਧੁੰਦ ਅੰਦਰ ਵੜ ਜਾਏਗੀ ।'

'ਤੈਨੂੰ ਕਿਵੇਂ ਪਤਾ ਹੈ ?'

'ਧੁੰਦ ਬਰਫੀਲੇ ਪਹਾੜਾਂ ਤੋਂ ਉਠਦੀ ਹੈ । ਇਹਨਾਂ ਤੇ ਪਈ ਬਰਫ ਸਾਨੂੰ ਦਰਿੰਦਾ ਬਣਕੇ ਡਰਾਉਂਦੀ ਹੈ ।' ਦੋਸਤ ਨੂੰ ਹਸਦਿਆਂ ਵੇਖਕੇ ਉਹ ਅਗਾਂਹ ਕਹਿਣ ਲਗਾ--

'ਮੈਨੂੰ ਪਤਾ ਹੈ ਧੁੰਦ ਆਪਣੇ ਅੰਦਰ ਕੀ ਲਈ ਬੈਠੀ ਹੈ । ਪ੍ਰਕਿਰਤੀ ਦਾ ਇਵੇਂ ਸਹਿਮ ਜਾਣਾ ਮਾਮੂਲੀ ਗਲ ਨਹੀਂ । ਮੈਨੂੰ ਲਗਦਾ ਹੈ ਉਸ ਪਾਰ ਦੀ ਫਜ਼ਾ ਸਾਡੀ ਬਸਤੀ ਤੇ ਮੰਡਲਾਉਣ ਲਗੀ ਹੈ । ਏਸੇ ਲਈ ਮੈਂ ਸ਼ਾਮ ਹੁੰਦਿਆਂ ਹੀ ਬਾਹੀਆਂ ਅਤੇ ਬੂਹੇ ਬੰਦ ਕਰ ਲੈਂਦਾ ਹਾਂ ।, ਲੋਕ ਵੀ ਰਾਤ ਪੈਣ ਤੇ ਬਾਹਰ ਨਹੀਂ ਠਹਿਰਦੇ । ਤੁਸੀਂ ਹੀ ਦਸੋ ਮੌਤ ਦਾ ਮੂੰਹ ਵੇਖਣਾ ਕਿਸਨੂੰ ਪਸੰਦ ਹੈ ।'

'ਮੇਰੇ ਖਿਆਲ ਵਿਚ ਇਹ ਸਾਰੀ ਸੀਤ ਦੇ ਕਾਰਨ ਹੈ । ਮੌਸਮ ਦੀ ਸਖਤੀ ਸਾਡੀ ਸੋਚ ਨੂੰ ਉਲਝਾ ਦੇਂਦੀ ਹੈ । ਕਾ ਤੁਹਾਨੂੰ ਭਰੋਸਾ ਹੈ ਕਿ ਹਵਾ ਵਿਚ ਮਿਲੀ ਬੋ ਇਨਸਾਨੀ ਲਹੂ ਦੀ ਹੀ ਸੀ ?'

'ਫਿਜ਼ਾ ਵਿਚ ਤੈਰਦੀ ਚੀਕ ਏਹੀ ਦਸਦੀ ਸੀ ।' ਉਹਨੇ ਲੰਮਾ ਸਾਹ ਲਿਆ ।

'ਠੀਕ ਹੈ ਬਤੀ ਬੁਝਾ ਦਿਓ । ਸਵੇਰ ਹੁੰਦਿਆਂ ਹੀ ਸਭੇ ਕੁਝ ਪਤਾ ਲਗ ਜਾਏਗਾ ।'

'ਮੈਂ ਬਤੀ ਨਹੀਂ ਬੁਝਾਵਾਂਗਾ ।'

'ਕਿਉਂ ?'

'ਮੈਨੂੰ ਹਨੇਰੇ ਤੋਂ ਡਰ ਲਗਦਾ ਹੈ ।' ਉਹ ਘਬਰਾਅ ਉਠਿਆ ।' ਮੈਂ ਨਹੀਂ ਮੰਨਦਾ ਕਿ ਸਵੇਰ ਹੁੰਦਿਆਂ ਸਭ ਕੁਝ ਪਤਾ ਲਗ ਜਾਏਗਾ ।'

'ਕਿਹੋ ਜਹੀ ਗਲ ਕਰਦੇ ਓ ?'

'ਮੈਂ ਗਲਤ ਨਹੀਂ ਕਹਿੰਦਾ । ਸਵੇਰ ਦਾ ਮੂੰਹ ਵੇਖਣਾ ਸੌਖੀ ਗੱਲ ਨਹੀਂ । ਸਵੇਰ ਦੀ ਉਡੀਕ ਵਿਚ...' ਉਹ ਤੜਫ ਉਠਿਆ 'ਤੂੰ ਨਹੀਂ ਜਾਣਦਾ—ਏਹੀ ਤਾਂ ਤੂੰ ਜਾਣਦਾ ਨਹੀਂ ।'

'ਮੈਂ ਕੀ ਨਹੀਂ ਜਾਣਦਾ ?'

'ਤੂੰ ਨਹੀਂ ਜਾਣਦਾ ਚਾਨਣ ਆਪਣੇ ਆਪ ਵਿਚ ਇਕ ਪਰਦਾ ਏ ।' ਉਹ ਮੂੰਹ ਮੇਜ਼ ਦੇ ਵਿਚਕਾਰੇ ਤਕ ਲੈ ਆਇਆ ।

'ਸੂਰਜ ਦੀ ਰੋਸ਼ਨੀ ਅਤੇ ਤਪਸ਼ ਬੋ ਨੂੰ ਖਤਮ ਕਰ ਦੇਂਦੀ ਹੈ । ਅਗ ਦੇ ਸੇਕ ਦਾ ਅਹਿਸਾਸ ਨਹੀਂ ਹੋਣ ਦੇਂਦੀ । ਸਵੇਰ ਦਾ ਰੌਲਾ ਸਭ ਕੁਝ ਸਮੋ ਲੈਂਦਾ ਹੈ । ਉਸ ਵਿਚ ਨਾ ਸਿਸਕੀ ਸੁਣਾਈ ਦੇਂਦੀ ਹੈ । ਨਾ ਹਾਉਕਾ ।' ਉਹਦੀ ਅਵਾਜ਼ ਗੰਭੀਰ ਹੋ ਗਈ । 'ਰੋਸ਼ਨੀ ਫੈਲਣ ਅਤੇ ਸਵੇਰ ਹੋਣ ਵਿਚ ਫਰਕ ਹੈ ।'

'ਮੈਨੂੰ ਇਹ ਦਸ ਕਿ ਸਾਰੀ ਬਸਤੀ ਵਿਚ ਅਸੀਂ ਕਿਉਂ ਜਾਗ ਰਹੇ ਆਂ ? ਦੋਸਤ ਅੰਦਰ ਤਕ ਹਿਲ ਗਿਆ ।

'ਰੱਬ ਕਰੇ ਅਜਿਹਾ ਨਾ ਹੋਵੇ ।' ਉਹ ਪ੍ਰੇਸ਼ਾਨ ਹੋ ਉਠਿਆ । 'ਸ਼ੁਕਰ ਕਰ ਹਵਾ ਤੇ ਕਿਸੇ ਦਾ ਜ਼ੋਰ ਨਹੀਂ । ਹਵਾ ਨਾ ਚਲੇ ਤਾਂ ਮਰਨ ਵਾਲੇ ਦੀ ਚੀਕ ਤਕ ਨਾ ਸੁਣਾਈ ਦੇਵੇ । ਹਵਾ ਪ੍ਰਕਿਰਤੀ ਦਾ ਰਾਜਦੂਤ ਹੈ ।'

ਉਸਦੀ ਗਲ ਸੁਣਕੇ ਦੋਸਤ ਬਲਦੀ ਮੋਮਬਤੀ ਨੂੰ ਘੂਰਨ ਲਗਾ । ਬਾਹਰ ਵੀਰਾਨ ਰਾਤ ਸੁੰਨਸਾਨ ਰਾਹੇ ਚਲਦੀ ਰਹੀ । ਮੋੜ ਕਟਦੀ ਰਹੀ ।

ਚਾਨਣ ਪਸਰਨ ਤੋਂ ਪਹਿਲਾਂ ਹੀ ਦੋਵੇਂ ਘਰੋਂ ਨਿਕਲ ਪਏ । ਸੜਕ ਤੇ ਥੋੜੀ ਦੂਰ ਚਲਣ ਤੋਂ ਬਾਦ ਉਹਨਾਂ ਨੂੰ ਝਾੜੂ ਦੇਣ ਵਾਲੇ ਦਖਾਈ ਦਿਤੇ । ਉਹ ਚੌਕ ਵਿਚ ਬਲਦੀ ਅੱਗ ਦੁਆਲੇ ਬੈਠੇ ਅੰਦਰ ਤਕ ਵੜੀ ਸੀਤ ਨੂੰ ਬਾਹਰ ਕੱਢਣ ਵਿਚ ਲਗੇ ਸਨ । ਉਹਨਾਂ ਨੂੰ ਵਿਹਲਿਆਂ ਵੇਖਕੇ ਉਹ ਗੁਸੇ ਵਿਚ ਆ ਗਿਆ ।

'ਕੂੜਾ ਕੌਣ ਚੁਕੇਗਾ । ਸ਼ਹਿਰ ਕੂੜਾ ਖਾਨਾ ਬਣ ਗਿਆ । ਸਾਹ ਲੈਣਾ ਔਖਿਆਂ ਹੋ ਗਿਐ ।'

'ਬਾਬੂ ਠੰਡ ਤਾਂ ਵੇਖੋ । ਹੱਥ ਪੈਰ ਸੁੰਨ ਹੋ ਗਏ ਨੇ । ਸ਼ਰੀਰ ਲੱਕੜ ਹੋ ਗਿਐ । ਝਾੜੂ ਨਹੀਂ ਫੜਿਆ ਜਾਂਦਾ । ਬੁਢਾ ਸਦਾਈ ਮਜ਼ਦੂਰ ਅਗ ਵਿਚ ਲਕੜੀਆਂ ਡਾਹੁਣ

ਲਗ ਪਿਆ।

'ਤੂੰ ਤਾਂ ਇਹਨਾਂ ਨਾਲ ਖਹਿ ਪਿਆ। ਏਹੀ ਲੋਕ ਨੇ ਜੋ ਸਾਡੀ ਗਲ ਦਾ ਜੁਆਬ ਦੇ ਸਕਦੇ ਨੇ। ਸਰਦੀ ਹੋਵੇ ਜਾਂ ਗਰਮੀ। ਇਹ ਰਾਤ ਜਾਗਕੇ ਕਟਦੇ ਨੇ। ਇਹਨਾਂ ਤੋਂ ਮਤਲਬ ਦੀ ਗੱਲ ਪੁੱਛ ਨਹੀਂ ਤਾਂ...' ਦੋਸਤ ਉਹਨੂੰ ਸਮਝਾਉਣ ਲੱਗਾ।

'ਕੀ ਤੁਸੀਂ ਰਾਤ ਭਰ ਜਾਗਦੇ ਰਹੇ ਓ।' ਉਹਨੇ ਆਪਣੇ ਤਾਅ ਨੂੰ ਦਬਾ ਦਿਤਾ।

'ਇਕ ਅਧ ਊਂਘ ਦਾ ਤਾਂ ਕਹਿ ਨਹੀਂ ਸਕਦੇ। ਏਸ ਕੜਾਕੇ ਦੇ ਠੰਡ ਵਿਚ ਸਿਰ ਦੀ ਛਤ ਤੋਂ ਬਿਨਾਂ ਕੋਈ ਸੌਂ ਸਕਦਾ ਏ ?'ਸਾਡੇ ਕੋਲ ਨਾ ਬਿਸਤਰਾ ਨਾ ਮੰਜੀ।' ਬੁਢੇ ਨੇ ਉਸ ਵਲ ਉਦਾਸ ਤਕਣੀ ਨਾਲ ਵੇਖਿਆ।' ਤੁਸੀਂ ਇਹ ਸਾਰਾ ਕੁਝ ਕਿਉਂ ਪੁਛਦੇ ਓ ?'

'ਰਾਤ ਹਵਾ ਵਿਚ ਮਿਲੀ ਇਨਸਾਨੀ ਖ਼ੂਨ ਦੀ ਬੋ ਸੁੰਘੀ ਸੀ ?' ਉਹਨੇ ਬਜ਼ੁਰਗ ਦੀ ਅਵਾਜ਼ ਅਣਸੁਣੀ ਕਰ ਦਿਤੀ। ਬੁੱਢਾ ਉਹਨੂੰ ਹੈਰਾਨੀ ਨਾਲ ਵੇਖਣ ਲਗ ਪਿਆ।

'ਅੱਗ ਦੀ ਭਬਕ ਵੀ ਮਹਿਸੂਸ ਨਹੀਂ ਕੀਤੀ ?'

'ਬਾਬੂ ਕਿਹੋ ਜਹੀ ਗਲ ਕਰਦੇ ਓ ? ਸਾਨੂੰ ਨਾ ਬੋ ਦਾ ਅਹਿਸਾਸ ਹੁੰਦਾ ਹੈ ਨਾ ਤਪਸ ਦਾ। ਸਫਾਈ ਮਜ਼ਦੂਰ ਜੱਮੇ ਹੋਏ ਅਹਿਸਾਸ ਨਾਲ ਏਧਰ ਓਧਰ ਵੇਖਣ ਲਗ ਪਿਆ।

ਅਗੇ ਸੜਕ ਖਾਲੀ ਸੀ। ਅਵਾਰਾ ਕੁਤੇ ਤਕ ਦਖਾਈ ਨਹੀਂ ਸੀ ਦੇਂਦਾ। ਓਹ ਦੋਸਤ ਵਲ ਵੇਖਣ ਲਗਾ।

'ਕਰਮਾਨੀ ਕੋਲ ਚਲਦੇ ਆਂ।' ਦੋਸਤ ਅਚਾਨਕ ਬੋਲ ਉਠਿਆ।

'ਕਰਮਾਨੀ !' ਉਹ ਤਰਭਕਿਆ। ਉਹ ਚਿਤਰਕਾਰ ! ਉਹਨੂੰ ਕੀ ਪਤਾ ਹਵਾ ਕੀ ਹੁੰਦੀ ਏ। ਫਿਜ਼ਾ ਕੀ ਦਸਦੀ ਏ ?'

'ਉਹਨੂੰ ਨਹੀਂ ਤਾਂ ਹੋਰ ਕਿਸਨੂੰ ਪਤਾ ਹੋਵੇਗਾ ?' ਦੋਸਤ ਦੂਰ ਨਿਕਲ ਗਿਆ। ਰੰਗ ਰੂਪ ਦਾ ਜਾਣਕਾਰ।'

ਕਰਮਾਨੀ ਸਟੂਡੀਓ ਵਿਚ ਏਰੀਅਲ ਤੇ ਟਿਕੀ ਅਧੂਰੀ ਤਸਵੀਰ ਅਗੇ ਖੜਾ ਉਹਨੂੰ ਧਿਆਨ ਨਾਲ ਵੇਖ ਰਿਹਾ ਸੀ।

ਬੂਹੇ ਵਲ ਉਹਦੀ ਪਿਠ ਸੀ। ਦੋਸਤ ਨੇ ਉਹਨੂੰ ਬਹੁਤ ਰੋਕਿਆ ਪਰ ਉਹ ਕਰਮਾਨੀ ਦੇ ਪਰਤਣ ਦੀ ਉਡੀਕ ਨਾ ਕਰ ਸਕਿਆ।

'ਚਿਤਰਕਾਰ ! ਕੀ ਤੂੰ ਰਾਤ ਹਵਾ ਵਿਚ ਮਿਲੀ ਲਹੂ ਦੀ ਬੋ ਸੁੰਘੀ ?'

'ਹੂੰ ! ਕਰਮਾਨੀ ਨੇ ਤਸਵੀਰ ਤੋਂ ਨਜ਼ਰਾਂ ਹਟਾਏ ਬਿਨਾਂ ਹੰਕਾਰ ਭਰੀ।

'ਤੂੰ ਫਿਜ਼ਾ ਵਿਚ ਤੈਰਦੀ ਚੀਕ ਵੀ ਸੁਣੀਂ ਹੋਵੇਗੀ ?'

'ਕੀ ਕਿਹਾ ?' ਚਿਤਰਕਾਰ ਉਸ ਵੱਲ ਮੁੜਿਆ 'ਕਿਹੋ ਜਹੀ ਬੋ ? ਕਿਹੋ ਜਹੀ ਚੀਕ ?'

'ਇਨਸਾਨੀ ਲਹੂ ਦੀ—ਇਨਸਾਨ ਦੀ ਚੀਕ।'

'ਕੀ ਬਕਦਾ ਏਂ।' ਚਿਤਰਕਾਰ ਵਧਿਆ ਤੇ ਉਹਨੂੰ ਮੋਢਿਆਂ ਤੋਂ ਫੜਕੇ ਝੰਜੋੜਨ ਲੱਗਾ। ਕੁਝ ਦੇਰ ਤਕ ਉਹਦੀਆਂ ਅੱਖਾਂ ਵਿਚ ਝਾਕਣ ਮਗਰੋਂ ਉਹ ਅਧੂਰੀ ਤਸਵੀਰ ਵਲ ਇਸ਼ਾਰਾ ਕਰਨ ਲਗਾ।

'ਘਲੇਤਾ ਹੀ ਪਲੇਤਾ ਹੈ। ਗੜਬੜ —ਝਗੜਾ। ਇਕ ਵੀ ਸ਼ਕਲ ਦੂਸਰੇ ਨਾਲ ਜੁੜੀ ਹੋਈ ਨਹੀਂ। ਰੰਗ ਆਪੇ ਵਿਚ ਮਿਲਦੇ ਨਹੀਂ। ਸਵੇਰ ਸ਼ਾਮ ਦਾ ਭੇਤ ਮੁੱਕ ਗਿਐ। ਨਾ ਪੋਹ-ਫੁਟਾਲੇ ਦਾ ਚਾਨਣਾ ਰਿਹਾ ਨਾ ਸ਼ਾਮ ਦਾ ਘੁਸਮੁਸਾ। ਨਾ ਰੰਗ...ਨਾ ਰੂਪ......'

'ਤੂੰ ਨਹੀਂ ਜਾਣਦਾ। ਤੂੰ ਨਹੀਂ ਸਮਝਦਾ। ਇਹ ਫੈਲਦੀ ਸਿਸਕੀ। ਗੂੰਜ ਦੀ ਹੂਕ। ਲਹੂ ਐਵੇਂ ਨਹੀਂ ਵਹਿੰਦਾ। ਮਨੁਖ ਐਵੇਂ ਹੀ ਨਹੀਂ ਚੀਕਦਾ। ਕਿਤੇ —ਕਿਤੇ ਇਤਿਹਾਸ ਹੀ ਤਾਂ ਪਾਸਾ ਨਹੀਂ ਪਲਟਣ ਲਗਾ। ਮਨੁਖੀ ਬੋ...! ਇਨਸਾਨੀ ਚੀਕ...!'

'ਤੂੰ ਪਹਾੜ ਤੇ ਚਲਿਆ ਜਾ। ਹੁਣੇ ਤੁਰ ਜਾ। ਟੀਸੀ ਤੇ ਅਪੜਿਆਂ ਬਿਨਾਂ ਸਾਹ ਨਹੀਂ ਲੈਣਾ। ਓਥਰ ਦੀ ਢਲਾਣ ਆਪਣੀ ਕਹਾਣੀ ਆਪੇ ਸੁਣਾਏਗੀ।'

ਕਰਮਾਨੀ ਨੇ ਬੁਰਸ਼ ਚੁਕ ਲਿਆ। ਉਹ ਪਲੇਟ ਵਿਚ ਰੰਗ ਪਾਕੇ ਉਹਨਾਂ ਨੂੰ ਮਿਲਾਉਣ ਲਗ ਪਿਆ। ਅਧੂਰੇ ਚਿਤਰ ਨੂੰ ਅਜੀਬ ਨਜ਼ਰਾ ਨਾਲ ਵੇਖਣ ਲਗਾ। ਕਰਮਾਨੀ ਦੇ ਸਟੂਡੀਓ ਤੋਂ ਨਿਕਲੇ ਤਾਂ ਉਹ ਪ੍ਰੇਸ਼ਾਨ ਸਨ।

ਉਹ ਵਾਰ-ਵਾਰ ਪਹਾੜ ਦੀ ਚੋਟੀ ਨੂੰ ਵੇਖਦੇ। ਚੋਟੀ ਬਹੁਤ ਉਚੀ ਸੀ। ਇਸ ਤੇ ਚੜਨਾ ਜੋਖਮ ਦਾ ਕੰਮ ਸੀ।

'ਟੀਸੀ ਤੇ ਪਹੁੰਚੇ ਬਿਨਾ ਕੁਝ ਵਖਾਈ ਨਹੀਂ ਦੇਵੇਗਾ। ਖ਼ੂਨ ਦੇ ਕਾਰਨ ਦਾ ਪਤਾ ਨਹੀਂ ਲਗ ਸਕੇਗਾ। ਨਾ ਚੀਖ ਦੀ ਵਜ੍ਹਾ ਮਲੂਮ ਹੋ ਸਕਦੀ ਹੈ।' ਕਮਰੇ ਵਿਚ ਪਰਤਦਿਆਂ ਹੀ ਉਹ ਧੜਮ ਕਰਕੇ ਕੁਰਸੀ ਤੇ ਬਹਿ ਗਿਆ। 'ਪਰ ਚੋਟੀ ਤੇ ਪਹੁੰਚਣਾ ਸੌਖਾ ਨਹੀਂ।'

'ਟੀਸੀ ਤੇ ਪਹੁੰਚੇ ਬਿਨਾਂ ਅਸੀਂ ਅੰਦਾਜ਼ੇ ਲਾਵਾਂਗੇ। ਅੰਦਾਜ਼ਿਆਂ ਨਾਲ ਸਾਨੂੰ ਯਕੀਨ ਨਹੀਂ ਆਏਗਾ' ਦੋਸਤ ਨੇ ਹਿੰਮਤ ਨਹੀਂ ਹਾਰੀ। 'ਚਲਾਂਗੇ ਤਾਂ ਕਿਤੇ ਪਹੁੰਚਾਂਗੇ। ਤੂੰ ਏਨਾ ਨਾ ਘਬਰਾ। ਪਹਾੜੀ ਰਾਹ ਸਖਤ ਹੁੰਦਾ ਹੈ ਅਤੇ ਸੌਖਾ ਵੀ। ਰਾਹ ਦੇ ਅਨਗਿਣਤ ਮੋੜ ਮੁਸਾਫਰ ਨੂੰ ਅਗੇ ਦੀ ਲੰਮਾਈ ਤੋਂ ਡਰਾਉਂਦੇ ਹਨ ਨਾ ਪਿਛਲੇ ਮਕਾਏ ਰਾਹ ਦਰਸਾਉਂਦੇ ਹਨ।'

'ਮੈਨੂੰ ਇਹ ਦਸ ਕਿ ਕਰਮਾਨੀ ਕੀ ਕਹਿ ਰਿਹਾ ਸੀ।' ਉਹਨੇ ਦੋਸਤ ਦੀ ਗਲ ਤੇ ਧਿਆਨ ਨਾ ਦਿਤਾ।

'ਮੇਰੇ ਖਿਆਲ ਵਿਚ ਉਹ ਕੈਨਵਸ ਨੂੰ ਵਿਉਂਤਣ ਦੀ ਗਲ ਕਰ ਰਿਹਾ ਸੀ।'

'ਕੀ ਮਤਲਬ ?' ਉਹਦਾ ਦਿਲ ਡੋਲਣ ਲੱਗਾ।

'ਚਿਤਰਕਾਰ ਇਨਸਾਨੀ ਖ਼ੂਨ ਵਹਿਣ ਦਾ ਕਾਰਨ ਢੂੰਡ ਰਿਹਾ ਸੀ। ਸ਼ਾਇਦ ਉਹ ਪਰਕਿਰਤੀ ਨੂੰ ਅੱਖਾਂ ਵਿਚ ਭਰਨ ਲਈ ਬੇਚੈਨ ਸੀ।' ਦੋਸਤ ਨੇ ਸਿਰ ਨੂੰ ਝਟਕਾ ਦਿਤਾ।

'ਗੱਲ ਮੇਰੀ ਸਮਝ ਵਿਚ ਹੁਣ ਆਉਣ ਲੱਗੀ ਹੈ।'

'ਕਹਿੰਦਾ ਚਲ ! ਤੂੰ ਰੁਕਦਾ ਏਂ ਤਾਂ ਮੈਨੂੰ ਔਖ ਹੁੰਦੀ ਹੈ।'

'ਹਰ ਕੋਈ ਕਹਿੰਦਾ ਹੈ ਕਿ ਹਵਾ ਤੇ ਕਿਸੇ ਦਾ ਵੱਸ ਨਹੀਂ ਹੁੰਦਾ। ਫਿਜ਼ਾ ਤੇ ਰੋਕ ਨਹੀਂ ਲਾਈ ਜਾ ਸਕਦੀ। ਫੇਰ ਵੀ ਲੋਕ ਦੀਵਾਰਾਂ ਖੜਿਆਂ ਕਰਨ ਤੋਂ ਬਾਜ਼ ਨਹੀਂ ਆਉਂਦੇ। ਸਬਰ ਨੂੰ ਹੱਦ ਵਿਚ ਬਨ੍ਹਣ ਲਗਦੇ ਹਨ। ਲੇਕਿਨ...'

'ਲੇਕਿਨ ਕੀ ?'

'ਜੋ ਸੀਮਤ ਹੈ ਉਹ ਸਾਡੀਆਂ ਨਜ਼ਰਾਂ ਤੋਂ ਪਰੇ ਤਕ ਜਾਂਦਾ ਹੈ। ਸਾਡੀ ਉਸ ਵਿਰੁਧ ਸਾਜ਼ਿਸ਼ ਹੀ ਸਾਡੀ ਹਾਰ ਦਾ ਕਾਰਨ ਬਣ ਜਾਂਦੀ ਹੈ। ਅਸੀਂ ਏਸ ਬੋ ਅਤੇ ਚੀਕ ਤੋਂ ਡਰਦੇ ਹਾਂ। ਕਰਮਾਨੀ ਨਹੀਂ ਡਰਦਾ। ਉਹ ਕਹਿੰਦਾ ਹੈ ਜਦੋਂ ਤਾਰੀਖ ਕਰਵਟ ਲੈਂਦੀ ਹੈ ਤਾਂ ਚੰਗਿਆੜਦੀ ਹੈ। ਉਸਦੀ ਚਕੀ ਦੇ ਪੁੜਾਂ ਦੀ ਗੜਗੜਾਹਟ...।'

'ਇਹ ਗਲ ਭਿਆਨਕ ਹੈ। ਇਹ ਸਾਨੂੰ ਰੋਕਣਾ ਚਾਹੀਦਾ ਹੈ। ਚੰਗਿਆੜ ਅਤੇ ਗੜਗੜਾਹਟ ਦਾ ਉਧਰ ਕੀ ਕੰਮ ?' ਉਹ ਸਹਿਮਿਆ।

'ਰੋਕਣ ਨਾਲ ਗਲ ਵਿਗੜਦੀ ਹੈ। ਤੂੰ ਹੀ ਕਹਿੰਦਾ ਏਂ ਹਵਾ ਪ੍ਰਕਿਰਤੀ ਦਾ ਦੂਤ ਹੈ। ਕਰਮਾਨੀ ਵੀ ਜਾਣਦਾ ਹੈ। ਏਸ ਪਾਰ ਹੋਵੇ ਜਾਂ ਉਸ ਪਾਰ। ਹਵਾ ਦੇ ਰੁਖ ਤੇ ਪਾਬੰਦੀ ਨਹੀਂ ਲਗ ਸਕਦੀ। ਹਵਾ ਨੂੰ ਰੋਕਣਾ ਆਪਣੇ ਆਪ ਨੂੰ ਕਤਲ ਕਰਨਾ ਹੈ। ਸ਼ਾਇਦ ਹਵਾ ਹੀ ਸਾਡੀ ਅਜ਼ਾਦੀ ਦੀ ਜ਼ਮਾਨਤ ਹੈ। ਤੂੰ ਵੀ ਤੇ ਚਿਤਰਕਾਰ ਦੀ ਗਲ ਨੂੰ ਸਹੀ ਮੰਨਦਾ ਏਂ।' ਦੋਸਤ ਨੇ ਉਹਦੀਆਂ ਅੱਖਾਂ ਵਿਚ ਝਾਂਪਿਆ।

'ਬਿਲਕੁਲ ਨਹੀਂ। ਬੁਢੇ ਨੂੰ ਜੋ ਹੋ ਚੁਕਿਐ ਜਾਂ ਹੋ ਰਿਹਾ ਹੈ। ਉਸੇ ਦਾ ਗਿਆਨ ਹੈ। ਉਹ ਹੋਣ ਵਾਲੇ ਦੇ ਬਾਰੇ ਨਹੀਂ ਜਾਣਦਾ। ਉਹਦਾ ਕੈਨਵਸ ਨਹੀਂ ਵੇਖਿਆ ? ਖਿਲਰਿਆ ਹੋਇਆ ਚਿਤਰ।'

ਅਜੀਬ ਸਮਸਿਆ ਹੈ। ਕਰਮਾਨੀ ਦੀ ਗਲ ਸਹੀ ਨਹੀਂ ਮੰਨੇਗਾ ਤਾਂ ਚੋਟੀ ਤੇ ਪਹੁੰਚਣ ਲਈ ਕਿਵੇਂ ਤਿਆਰ ਹੋਵੇਂਗਾ ? ਦੋਸਤ ਬੁੜਬੁੜਾਇਆ। 'ਚੋਟੀ ਉਤੇ ਪਹੁੰਚੇ ਬਿਨਾਂ ਅਸੀਂ ਢਲਾਣ ਦੀ ਕਹਾਣੀ ਸੁਣ ਸਕਦੇ ਆਂ ਨਾ ਘਾਟੀ ਦੀ ਕਥਾ।'

'ਤੂੰ ਮੂਰਖ ਏਂ। ਕੀ ਮੈਂ ਨਹੀਂ ਜਾਣਦਾ ਢਲਾਣ ਤੇ ਕੀ ਬੀਤ ਰਹੀ ਹੈ ਅਤੇ ਘਾਟੀ ਕਿਸ ਹਾਲਤ ਵਿਚ ਹੈ।' ਚੋਟੀ ਵਲ ਵੇਖਦਿਆਂ ਉਹ ਕਹਿੰਦਾ ਚਲਿਆ ਗਿਆ।

ਇਤਿਹਾਸ ਦੀ ਜਾਗਰਤ ਇਕ ਤਰਫੀ ਗਲ ਨਹੀਂ ਹੁੰਦੀ। ਹੋ ਸਕਦਾ ਹੈ ਕਿ ਇਤਿਹਾਸ ਦੇ ਕਰਵਟ ਬਦਲਣ ਨਾਲ ਹਰਿਆਲੀ ਦਾ ਯੁਗ ਸ਼ੁਰੂ ਹੋਵੇਗਾ। ਇਹ ਵੀ ਹੋ ਸਕਦਾ ਹੈ ਕਿ ਇਤਿਹਾਸ ਅਖਾਂ ਖੋਹਲੇ ਤੇ ਕਬਰਸਤਾਨ ਚੀਕ ਉਠੇ। ਕੋੜਿਆਂ ਦਾ ਮੀਂਹ ਸ਼ੁਰੂ ਹੋਣ ਲਗੇ। ਜੇਲ ਕਰਾਹੁਣ ਲਗੇ। ਫਾਂਸੀ ਦਾ ਫੰਦਾ ਮੁਸ-ਕਾਉਣ ਲਗੇ। ਚਿਤਰਕਾਰ ਨਹੀਂ ਜਾਣਦਾ ਕਿ ਇਤਿਹਾਸ ਦਾ ਚਲਣ ਨਿਆਰਾ ਹੁੰਦਾ ਹੈ। ਇਹ ਲੋਕਾਂ ਦੀ ਜ਼ਬਾਨ ਦਬਾ ਸਕਦਾ ਹੈ। ਇਹਨਾਂ ਤੋਂ ਅਵਾਜ਼ ਖੋਹ ਸਕਦਾ ਹੈ। ਉਹਨਾਂ ਨੂੰ ਸੁਹਾਵਣੀ ਤੇ ਹਸੀਨ ਜ਼ਿੰਦਗੀ ਦੀ ਝਲਕ ਵਖਾ ਸਕਦਾ ਹੈ। ਉਹਨਾਂ ਨੂੰ ਵਾਂਝੀ ਅਤੇ ਅਛੋਹ ਦੀ ਗਾਰ ਵਿਚ ਧਕ ਸਕਦਾ ਹੈ। ਇਤਿਹਾਸ ਦੀ ਨਾ ਪੁਛ ਇਹ ਸਾਨੂੰ ਸਾਡੇ ਚੇਹਰਿਆਂ ਨੂੰ ਮੇਟ ਸਕਦਾ ਹੈ। ਇਤਿਹਾਸ ਕਾਲਾ ਦਿਓ ਹੈ। ਇਤਹਾਸ ਕੋਈ ਨਹੀਂ ਪਛਾਣ ਸਕਦਾ। ਮਨ ਦੀ ਕਰਨ ਵਾਲਾ! ਜ਼ਹਿਰੀਲਾ ਮੁਸਕਾਨ! ਮਿਠੀ ਜਹੀ ਚੂਣ ਚੁਣੀ!......"

"ਕਹੀ ਜਾ—ਰੁਕ ਨਾ।" ਦੋਸਤ ਬੋਂਦਲਣ ਲਗਾ "ਬੇਸ਼ਕ ਤੂੰ ਆਪਣੇ ਆਪ ਨੂੰ ਝੁਠਲਾ।"

"ਗੱਲ ਐਸੀ ਨਹੀਂ। ਮੈਂ ਆਪਣੇ ਆਪਨੂੰ ਨਹੀਂ ਝੁਠਲਾ ਰਿਹਾ। ਮੈਂ ਜੋ ਹੈ ਇਸ ਦਾ ਵਿਖਿਆਨ ਕਰ ਰਿਹਾ ਹਾਂ। ਖ਼ੂਨ ਦੀ ਬੋਅ ਮੈਂ ਸੁੰਘੀ ਚੀਕ ਵੀ ਮੈਂ ਹੀ ਸੁਣੀ। ਕਰਮਾਨੀ ਨਹੀਂ ਜਾਣਦਾ। ਜ਼ਿੰਦਗੀ ਉਸ ਦੀ ਕੈਨਵਸ ਤੋਂ ਵੱਡੀ ਹੈ। ਪਹਾੜ ਦੇ ਆਰ ਪਾਰ ਵੀ ਵੱਡੀ। ਉਹ ਇਤਿਹਾਸ ਨੂੰ ਇਨਸਾਨ ਦੇ ਹਥ ਦਾ ਖਡੌਣਾ ਸਮਝਦਾ ਹੈ। ਤੁਹਾਨੂੰ ਨੂੰ ਪਤਾ ਲੋਕ ਕਿਸੇ ਵੀ ਇਕ ਚੀਜ਼ ਨਾਲ ਸੰਤੁਸ਼ਟ ਨਹੀਂ ਹੁੰਦੇ। ਉਹ ਤਕੜੀ ਦੇ ਛਾਬੇ ਬਰਾਬਰ ਰਖਣਾ ਚਾਹੁੰਦੇ ਹਨ। ਇਤਿਹਾਸ ਜ਼ਾਲਮ ਹੈ। ਉਹ ਏਹੀ ਨਹੀਂ ਹੋਣ ਦੇਂਦਾ। ਉਹ ਕਦੇ ਸਾਨੂੰ ਇਕ ਚੀਜ਼ ਤੋਂ ਵਧ ਦੇਣ ਨੂੰ ਤਿਆਰ ਨਹੀਂ ਹੁੰਦਾ। ਨਹੀਂ ਤਾਂ ਚੀਕ ਗੀਤ ਵਿਚ ਬਦਲ ਜਾਏ ਅਤੇ ਬੋਅ ਖੁਸ਼ਬੂ ਵਿਚ।" ਉਹਦੀ ਅਵਾਜ਼ ਡੁੱਬਣ ਲਗੀ। "ਦੇਣ ਵਾਲੇ ਕੋਲ ਸਭ ਕੁਝ ਹੈ। ਦੇਣਾ ਨਾ ਦੇਣਾ ਉਹਦੀ ਮਰਜੀ।" "ਕੀ ਅਸੀਂ ਚੋਟੀ ਤੇ ਜਾਣ ਦਾ ਖਿਆਲ ਛਡ ਦਈਏ?" ਦੋਸਤ ਦੀ ਅਵਾਜ਼ ਵਿਚ ਬੇਜ਼ਾਰੀ ਸੀ।

"ਮੈਂ ਉਤੇ ਨਹੀਂ ਜਾਵਾਂਗਾ।" ਉਹ ਸਹਿਮੀਆਂ ਹੋਈਆਂ ਨਜ਼ਰਾਂ ਨਾਲ ਦੋਸਤ ਵਲੋ ਵੇਖਣ ਲਗਾ। ਕਾਸ਼ ਕੋਈ ਸਰਹੱਦ ਨੂੰ। ਕੋਈ ਮੋਹਰ ਬੰਦ ਕਰ ਦੇਵੇ। ਮੈਨੂੰ ਹੁਣ ਚੰਗਾ ਨਹੀਂ ਲਗਦਾ। ਹੁਣ ਮੈਂ ਖ਼ੂਨ ਦਾ ਕਾਰਨ ਜਾਣਹਾ ਹਾਂ ਨਾ ਇਨ-ਸਾਨੀ ਖ਼ੂਨ ਦਾ। ਮੈਂ ਤਾਂ ਬਸ ਆਪਣੇ ਕਮਰੇ ਵਿਚ......।"

ਉਸ ਦੇ ਗੱਲ ਪੂਰਿਆਂ ਕਰਨ ਤੋਂ ਪਹਿਲਾਂ ਹੀ ਉਹਦੇ ਘਰ ਦੇ ਸਾਹਮਣੇ ਜੁੜਦੇ ਲੋਕਾਂ ਦਾ ਰੌਲਾ ਸੁਣਾਈ ਦੇਣਲੱਗਾ। ਉਹ ਬਾਰੀ ਖੋਹਲਕੇ ਬਾਹਰ ਵੇਖਣ ਲਗਾ ਬਾਹਰ ਲੋਕਾਂ ਦੀ ਵਧਦੀ ਹੋਈ ਭੀੜ ਸੀ। ਸਭ ਤੋਂ ਅਗੇ ਕਰਮਾਨੀ ਖਲੋਤਾ ਸੀ। ਉਹ ਭੀੜ ਨੂੰ ਕਹਿ ਰਿਹਾ ਸੀ।—

"ਤੁਸੀਂ ਸਾਰੇ ਸ਼ਾਂਤੀ ਨਾਲ ਖਲੋਤੇ ਰਹੋ। ਮੈਂ ਅੰਦਰ ਜਾਂਦਾ ਹਾਂ। ਦੋਵਾਂ ਨੂੰ ਬਾਹਰ ਆਉਣ ਲਈ ਕਹਿੰਦਾ ਆਉਂਦਾ ਹਾਂ। ਇਤਿਹਾਸ ਨੂੰ ਅੰਗੜਾਈ ਲੈਣ ਅਤੇ ਅੱਖਾਂ ਮਲਦੇ ਵੇਖਣ ਵੇਖਣ ਤੋਂ ਵਧ ਸੋਹਣੀ ਹੋਰ ਕੋਈ ਗੱਲ ਨਹੀਂ ਹੋ ਸਕਦੀ। ਸਾਨੂੰ ਇਹਨਾਂ ਦੋਨਾਂ ਦੀ ਕਦਰ ਕਰਨੀ ਚਾਹੀਦੀ ਹੈ। ਉਹਨਾ ਨੇ ਸਾਨੂੰ ਇਤਿਹਾਸ ਦੇਜ਼ਾਗਣ ਦੀ ਖਬਰ ਦਿਤੀ ਹੈ। ਅਸੀਂ ਚੋਟੀ ਉਤੇ ਪਹੁੰਚਕੇ ਉਸ ਪਾਰ ਦੀ ਖਬਰ ਲੈਣ ਹੈ। ਇਨਸਾਨੀ ਹਮਦਰਦੀ ਸਰਹੱਦ ਨੂੰ ਨਹੀਂ ਮੰਨਦੀ। ਪਾਸਿਆਂ ਨੂੰ ਟੱਪ ਜ਼ਾਂਦੀ ਹੈ। ਇਨਸਾਨੀ ਖ਼ੂਨ ਦਾ ਖਲਾਰ ਸੀਮਤ ਹੁੰਦਾ ਹੈ ਅਤੇ ਇਨਸਾਨਦੇ ਦਿਲ ਵਿਚੋਂ ਨਿਕਲੀ ਹੂਕ ਨੂੰ ਝਲਾਉਂਦੀ ਚਲੀ ਜਾਂਦੀ ਹੈ। "ਕਰਮਾਲੀ ਬੁਕਿਆ" ਦਰਿਸ਼ ਦੇ ਨਾਲ ਨਾਲ ਕੈਨਵਸ ਵੀ ਫੈਲਦਾ ਰਹਿੰਦਾ ਹੈ। ਸਾਨੂੰ ਇਹ ਗੱਲ ਨਹੀਂ........."

ਕਰਮਾਨੀ ਦੀ ਅਵਾਜ਼ ਤੋਂ ਘਬਰਾਕੇ ਉਹਨੇ ਬਾਰੀ ਬੰਦ ਕਰ ਦਿਤੀ ਅਤੇ ਉਸ ਅਗੇ ਪਰਦਾ ਤਾਣ ਦਿਤਾ। ਲੇਕਿਨ ਉਸ ਦੇ ਦਿਲ ਦੀ ਧੱਕ ਧੱਕ ਵਕਤ ਦੇ ਕਦਮਾਂ ਦੀ ਆਹਟ ਵਰਗੀ ਸੀ।

(ਪੰਜਾਬੀ ਰੂਪ —ਬਲਬੀਰ ਸੱਗੂ)


MURRICK INSURANCE SERVICES LTD

NARWAL INSURANCE SERVICES LTD



NARWAL
Insurance Services Ltd.
Murrick Insurance Services Ltd.

ICBC AUTOPLAN: New licence plates, Decal renewal, Transfer of ownership, New registrations, Change of coverage
GENERAL: Homeowners, Tenants package, Mobile Home, Travel insurance, Boat
LIFE: Term Insurance, Mortgage, Business, Non-smokers diet

Autoplan AUTHORIZED AGENT
SENIORS DISCOUNT
OPEN 9 to 5 (Mon.-Fri.)
10-3 Sat.
6415 Main St., at 48th Vancouver
Call NARWAL 325-4744
325-4744

autoplan

PRITPAL SINGH NARWAL
B.A. (Pb.), L.L.B. (Kuk)
Former Advocate & Oath Commissioner
Notary Public
PREFERRED AREA OF PRACTICE
*Conveyancing
*To prepare mortgages
*To prepare contracts
*Translation
*Affidavits
*Power of Attorney
*Basic Will
*Immigration
*Adoption, Etc.
6415 Main St., (at 48th Ave.), Vancouver
325-4744

OPEN
9 A.M. TO 5 P.M. (MON. TO FRI.)
SAT. 10 A.M. TO 3 P.M.
6415 MAIN ST. (at 48th., AVE
VANCOUVER, B.C.

For all your real-estate needs



Experienced Realtor
In Surrey
Specialising in
Custom-built
New Houses
GARY SANGHERA
Office: 588-9955
Lakeview Realty Ltd.
10732 King George Hwy. Surrey.

# ਉਮਰਾਂ ਦੇ ਝੋਰੇ

ਮੁਹਿੰਦਰ ਸੁਮਲ

ਜੇ ਬਦਕਿਸਮਤ ਕਿਸੇ ਦੇਸ਼ ਦੀਆਂ,
ਡੋਰਾਂ ਹੱਥ ਹੋਣ ਸ਼ਿਦਾਈਆਂ ਦੇ
ਤਨ ਠਰ ਜਾਵੇ, ਰੂਹ ਮਰ ਜਾਵੇ,
ਤੇ ਠੰਡੀਂ ਮਿਟੀ ਅੱਗ ਵਿਚ ਵੀ,
ਵਾਂਗ ਬਰਫ ਦੇ ਬਣ ਜਾਵੇ ।

ਕੰਧਾਂ ਹੀ ਕੰਧਾਂ ਖੜ ਜਾਵਣ,
ਪੈਰਾਂ ਵਿਚ ਜੰਗਲ ਉਗ ਆਵੇ,
ਤੇ ਆਪਣੇ ਘਰ ਦਾ ਸਿਰਨਾਵਾਂ,
ਤਿੱਖਿਆਂ ਬਹਿਣਾਂ ਵਿਚ ਖੁਰ ਜਾਵੇ ।

ਟੁੱਟ ਜਾਵਣ ਰਿਸ਼ਤੇ ਨਾਤੇ ਵੀ,
ਸੋਚਾਂ ਦੀ ਸੂਈ ਖੜ੍ਹ ਜਾਵੇ,
ਖੂਹ ਵਗਦੇ ਵਗਦੇ ਸੁੱਕ ਜਾਵਣ,
ਤੇ ਧਰਤ ਤ੍ਰਿਹਾਈ ਮਰ ਜਾਵੇ,

ਸੂਰਜ ਦੀ ਲੋਅ ਵੀ ਲੁਕ ਜਾਵੇ,
ਸ਼ਬਦਾਂ ਦੀ ਰੰਗਤ ਮੁੱਕ ਜਾਵੇ,
ਲਹੂਆਂ ਵਿਚ ਪਾਗਲ ਪਨ ਆਵੇ,
ਨੇਤਰ ਦਾ ਪਾਣੀ ਸੁੱਕ ਜਾਵੇ,
ਜੀਭਾਂ ਤੇ ਕੰਡੇ ਉਗ ਆਵਣ,
ਸਾਵਣ ਵਿਚ ਬੂਟਾ ਸੁੱਕ ਜਾਵੇ ।

ਤੇ ਧੁੱਪ ਨਾਲ ਧੋਤੇ ਅੰਗਾਂ ਤੇ,
ਕਾਲਖ ਹੀ ਕਾਲਖ ਚੜ੍ਹ ਜਾਵੇ,
ਸੱਪ ਕੋਹੜੀ ਹੋਣੋਂ ਬਚ ਜਾਂਦੇ,
ਤੇ ਕਿਰਲੀ ਨੂੰ ਵੀ ਖਾ ਜਾਂਦੇ ।

ਜ਼ਿੰਦਗੀ ਬਣ ਜਾਂਦੀ ਬਣਜ਼ ਜਿਹਾ,
ਜੀਵਨ ਦੀ ਚਾਹਤ ਮੁੱਕ ਜਾਂਦੀ,
ਪੌਣਾਂ ਵਿਚ ਭਿੱਜੀ ਸਾਜ਼ਸ਼ ਜਹੀ,
ਹਰ ਬੂਹੇ ਆਕੇ ਰੁਕ ਜਾਂਦੀ,
ਰਾਹਾਂ ਵਿਚ ਪਾਂਧੀ ਖੋਹ ਜਾਂਦੇ,
ਉਮਰਾਂ ਦੇ ਝੋਰੇ ਹੋ ਜਾਂਦੇ ।



# ਪੰਜਾਬ ਹੈ ਇਕ ਪਿੰਡ ਜਿਸ ਦੇ ਸਿਵਿਆਂ 'ਚ ਅੱਗ ਬੁਝਦੀ ਨਹੀਂ

ਜੋਹਰਾ ਰਾਵੀ

ਸਾਲਾਂ ਤੋਂ ਛਾਈ ਮਾਤਮੀ ਰੁਤ
ਵਿਹੜਿਓਂ ਮੁਕਦੀ ਨਹੀਂ ।
ਪੰਜਾਬ ਹੈ ਇਕ ਪਿੰਡ ਜਿਸ ਦੇ,
ਸ਼ਿਵਿਆਂ ਚੋਂ ਅੱਗ ਬੁਝਦੀ ਨਹੀਂ ।
ਮਾਵਾਂ ਦਾ ਲੰਮਾ ਵੈਣ ਹੈ ਇਕ,
ਜਿਸਦਾ ਨਾਓਂ ਪੰਜਾਬ ਹੈ ।
ਵਿਲਕੀ ਜਾਂਦੀ ਭੈਣ ਹੈ ਇਕ
ਜਿਸ ਦਾ ਨਾਓਂ ਪੰਜਾਬ ਹੈ ।
ਇਕ ਤ੍ਰੀਮਤ ਹੈ ਉਹ ਜਿਸਦੀ
ਦੰਦਲ ਪਈ ਟੁਟਦੀ ਨਹੀਂ ।
ਸਾਲਾਂ ਤੋਂ ਛਾਈ.........।

ਇਸ ਪਿੰਡ ਦੇ ਵਾਸੀਆਂ ਦੀ,
ਇਕ ਟੱਕ ਵਾਢੀ ਹੋ ਰਹੀ ।
ਲੰਮਾ ਪਰਾਗਾ ਮੌਤ ਲੈ,
ਇਕ ਟੱਕ ਵਾਢੀ ਹੋ ਰਹੀ ।
ਲੰਮਾ ਪਰਾਗਾ ਮੌਤ ਲੈ,
ਇਕ ਟੱਕ ਚੱਕੀ ਝੋਅ ਰਹੀ ।
ਕਾਲੀ ਬੋਲੀ ਪਿੰਡ ਤੇ ਹੈ, ਇਕ
ਰਾਤ ਜੋ ਮੁਕਦੀ ਨਹੀਂ ।
ਸਾਲਾਂ ਤੋਂ ਛਾਈ.........।

ਗਜ਼ਨੀ ਨੂੰ ਜਾਂਦੀਆਂ ਮੋੜੀਆਂ,
ਕੀ ਇਹ ਉਹੀ ਪੰਜਾਬ ਹੈ
ਨਿਮਾਣਿਆਂ ਦੇ ਮਾਣ ਬਣਨਾ,
ਕੀ ਇਹ ਉਹੀ ਖਾਬ ਹੈ ।
ਗੁਰਬਾਣੀ ਵੀ ਡੁਲ੍ਹ ਰਹੇ ਖੂਨ ਦੀ,
ਹੈ ਸਹੁੰ ਇਹ ਚੁਕਦੀ ਨਹੀਂ ।
ਸਾਲਾਂ ਤੋਂ ਛਾਈ.........।

ਦੁਨੀਆਂ ਦੇ ਵੱਡੇ ਡਾਕੂਆਂ ਦੀ,
ਖੇਡ ਦਾ ਇਹ ਫਲ ਹੈ ।
ਤਾਕਤ ਦੇ ਭੁੱਖੇ ਸ਼ੋਹਦਿਆਂ,
ਇਹ ਹਾਕਮਾਂ ਦਾ ਛਲ ਹੈ ।
ਜਮਹੂਰ ਦੀ ਅੱਜ ਸਾਫ ਇਹਨੂੰ
ਖੇਡ ਹੁਣ ਪੁੱਗਦੀ ਨਹੀਂ ।
ਸਾਲਾਂ ਤੋਂ ਛਾਈ.........

ਇਹ ਲਹੂ ਦੇ ਹਨ ਵਪਾਰੀ,
ਇਹ ਜਨੂੰਨੀ ਧਾੜਵੀ ।
ਇਹ ਮਨੁੱਖੀ ਭੇਸਦੇ ਵਿਚ,
ਘੁੰਮ ਰਹੇ ਬਘਿਆੜ ਹੀ ।
ਧਰਮਾਂ ਦੇ ਨਾਂ ਤੇ ਕਤਲੋਗਾਰਤ
ਗਲ ਅੱਜ ਢੁੱਕਦੀ ਨਹੀਂ
ਸਾਲਾਂ ਤੋਂ ਛਾਈ.........।

ਦੇਸ਼ ਭਗਤਾਂ ਵਾਸਤੇ ਅੱਜ
ਇਮਤਿਹਾਂ ਦਾ ਪਲ ਹੈ ।
ਮਿਹਨਤਕਸ਼ਾਂ ਅਵ ਮਲਾਂ ਦੇ
ਵੱਸ ਦੀ ਇਹ ਗੱਲ ਹੈ ।
ਇਹਨਾਂ ਬਿਨਾਂ ਕਦੇ ਜਬਰ ਦੀ,
ਜੱਕੜ ਹੈ ਟੁੱਟਦੀ ਨਹੀਂ ।
ਸਾਲਾਂ ਤੋਂ ਛਾਈ.........।

ਇਸ ਜਬਰ ਵਿਚ ਟੁੱਟ ਰਹੇ
ਤਾਰਿਆਂ ਨੂੰ ਹੈ ਸਲਾਮ !
ਕੁਰਬਾਨੀ ਜੋ ਦੇ ਰਹੇ,
ਸਾਰਿਆਂ ਨੂੰ ਹੈ ਸਲਾਮ !!
ਸਲਾਮ 'ਦਰਸ਼ਣ' 'ਦੀਪਕਾਂ' ਦੀ
ਲੋਅ ਕਦੇ ਬੁੱਝਦੀ ਨਹੀਂ
ਸਲਾਮ ਮਾਨਾਂ ਚੱਨਣਾਂ ਦੀ,
ਮਹਿਕ ਵੀ ਮੁੱਕਦੀ ਨਹੀਂ ।
ਮਿਹਨਕਸ਼ਾਂ ਦੇ ਬਾਝ ਕੋਈ
ਗੱਲ ਕਦੇ ਮੁੱਕਦੀ ਨਹੀਂ ।

# ਪਾਪੂਲਰ ਓਕ ਐਂਡ ਪਾਈਨ ਕਰਾਫਟ ਲਿਮਿ:

# POPULAR
## Oak and Pine Craft Ltd.

7935 - 128th Street, SURREY, B.C.

**Ph. 596-1216**



ਅਸੀਂ ਆਪਣੀ ਫੈਕਟਰੀ ਵਿਚ ਬੈਡਰੂਮ ਸੁਈਟਾਂ, ਸੋਫਾ ਸੈਟਜ਼ ਡਾਇਨਿੰਗ ਰੂਮ ਸੁਈਟਜ਼ ਅਤੇ ਹੋਲਸੇਲ ਦੀਆਂ ਕੀਮਤਾਂ ਤੇ ਲਾ ਦਿੱਤੀਆਂ ਹਨ । ਇਹੋ ਜਿਹੇ ਸ਼ਾਨਦਾਰ ਮੌਕੇ ਦਾ ਫਾਇਦਾ ਉਠਾਓ ।

## ਵੈਨਕੂਵਰ ਵਿਚ ਪਹਿਲੀ ਵਾਰ ਫਰਨੀਚਰ ਫੈਕਟਰੀ ਤੋਂ ਸਿਧਾ ਹੋਲਸੇਲ ਕੀਮਤਾਂ ਤੇ ਮਿਲਣ ਲੱਗਾ ਹੈ



# ਸਿੱਧੇ ਫੈਕਟਰੀ ’ਤੇ ਪਹੁੰਚੋ

## ਤੇ ਮਨਮਰਜ਼ੀ ਦਾ ਫਰਨੀਚਰ ਖ਼੍ਰੀਦੋ

# ਰੰਗ-ਬਰੰਗੀਆਂ ਸੇਲਾਂ ਤੋਂ ਬਚੋ

# ਨਵਾਂ ਰਿਫੀਊਜੀ ਕਾਨੂੰਨ ਅਤੇ ਨਿਰਣੇ ਦੇ ਢੰਗ

**ਗੁਰਨਾਮ ਸਿੰਘ ਸੰਘੇੜਾ**

ਪਹਿਲੀ ਜਨਵਰੀ 1989 ਤੋਂ ਨਵਾਂ ਰਿਫੀਊਜੀ ਕਾਨੂੰਨ ਅਤੇ ਨਵੇਂ ਅਤੇ ਤੇਜ਼ ਢੰਗ ਅਤੇ ਨਵਾਂ ਇਮੀਗਰੇਸ਼ਨ ਰਿਫੀਊਜੀ ਬੋਰਡ ਚਾਲੂ ਹੋਏ ਹਨ। ਵੈਸੇ ਤਾਂ ਬੋਰਡ ਅਤੇ ਰਿਫੀਊਜੀ ਦਾ ਨਿਰਣੈ ਕਰਨ ਲਈ ਪਹਿਲਾਂ ਵੀ ਕਾਨੂੰਨੀ ਨਿਯਮ ਸਨ ਪਰ ਇਸ ਨਵੇਂ ਪ੍ਰਬੰਧ ਨੂੰ ਤੇਜ਼ ਰਾਹ -ਤਰੀਕਾ ਦੱਸਿਆ ਗਿਆ ਹੈ। ਇਸ ਰਾਹੀਂ ਇਥੇ ਆਏ ਰਿਫੀਊਜੀ ਜਾਂ ਰਿਫੀਊਜੀ ਗਰੁੱਪ ਆਦਿ ਨੂੰ ਸਪੁੰਸਰ ਕਰਨ ਦੇ ਮਸਲੇ ਉਤੇ ਰੋਕਾਂ ਆਦਿ ਦੀ ਗੱਲ ਭੀ ਸੀ ਜਿਸ ਬਾਰੇ ਨਰਮੀ ਕਰ ਦਿੱਤੀ ਗਈ ਹੈ। ਰਿਫੀਊਜੀ ਜਾਂ ਸਿਆਸੀ ਤੇ ਧਾਰਮਿਕ ਜ਼ੁਲਮ ਦੇ ਨਾਮ ਤੇ ਪੁਰਾਣੇ ਸਮੇਂ ਤੋਂ ਭੀ ਇਕ ਦੂਜੀ ਥਾਂ ਜਾਂਦੇ ਰਹੇ ਹਨ। ਪਰ ਹੁਣ ਦੁਨੀਆ ਆਵਾ ਜਾਵੀ ਦੇ ਤੇਜ਼ ਸਾਧਨਾ ਨਾਲ ਸੁੰਗੜ ਗਈ ਤੇ ਬੜੀ ਛੋਟੀ ਹੋਈ ਜਾਪਦੀ ਹੈ। ਇਲੈਕਟਰੋਨਿਕ ਮੀਡੀਆ ਨੇ ਭੀ ਪ੍ਰਚਾਰ ਤੇ ਪ੍ਰਸਾਰ ਵਿਚ ਅਹਿਮ ਰੋਲ ਅਦਾ ਕੀਤਾ ਹੈ। ਸਾਮਰਾਜਵਾਦ ਨੇ ਇਮੀਗਰੇਸ਼ਨ (ਦੂਜੇ ਦੇਸ਼ਾਂ ਵਿਚ ਆ ਕੇ ਰਹਿਣਾ) ਤੇ ਉਸ ਲਈ ਕਈ ਢੰਗਾਂ ਤੇ ਪੱਖਾਂ ਨੂੰ ਵਧਾਇਆ ਤੇ ਤੇਜ਼ ਕੀਤਾ। ਰਿਫੀਊਜੀ ਸਮੱਸਿਆ ਭੀ ਤੇਜ਼ ਹੋਈ ਅਤੇ ਹੁਣ ਤਾਂ ਰਿਫੀਊਜੀਆਂ ਦੇ ਨਾਮ ਅਧੀਨ ਹੋਰ ਸੈਕਸ਼ਨਾਂ ਵਾਲੇ ਲੋਕ ਭੀ ਕਲੇਮ ਕਰਦੇ ਹਨ ਤਾਂ ਕਿ ਚੰਗੀ ਜ਼ਿੰਦਗੀ ਬਤੀਤ ਕਰ ਸਕਣ। ਪਰ ਜਨੀਵਾ ਕਨਵੈਨਸ਼ਨ ਅਧੀਨ ਤਾਂ ਉਹ ਜਾਇਜ਼ ਰਿਫੀਊਜੀ ਹੈ।

ਕੈਨੇਡਾ ਨੇ ਕਾਫੀ ਦੇਰ ਤਾਂ ਯੂ. ਐਨ. ਓ. ਦੀ ਰਿਫੀਊਜੀਆਂ ਸੰਬੰਧ ਕਨਵੈਨਸ਼ਨ ਤੇ ਦਸਖਤ ਕਰਨ ਤੋਂ ਇਨਕਾਰ ਕਰੀ ਰੱਖਿਆ। ਦਸਖਤ ਕਰਨ ਨਾਲ ਰਿਫੀਊਜੀਆਂ ਨੂੰ ਬਿਨ੍ਹਾਂ ਸੁਣੇ ਅਤੇ ਪੜਤਾਲ ਤੋਂ ਬਿਨ੍ਹਾਂ ਵਾਪਸ ਨਹੀਂ ਕੀਤਾ ਜਾ ਸਕਦਾ। ਪਰ ਆਖਿਰ 1969 ਵਿਚ ਕੈਨੇਡਾ ਨੇ ਇਸ ਕਨਵੈਨਸ਼ਨ ਤੇ ਦਸਤਖਤ ਕਰ ਦਿੱਤੇ। ਪਰ ਅਜੇ ਤੱਕ ਭੀ ਇਸ ਕਨਵੈਨਸ਼ਨ ਨੂੰ ਬਕਾਇਦਾ ਕਾਨੂੰਨ ਦਾ ਹਿਸਾ ਨਹੀਂਸੀ ਬਣਾਇਆ। ਅਤੇ ਨਵੇਂ ਕਾਨੂੰਨ ਨਾਲ ਫਿਰ ਕਈ ਖਤਰੇ ਪੈਦਾ ਹੋ ਗਏ ਹਨ। 1961 ਤੋਂ 1971 ਦਾ ਸਮਾਂ ਤਾਂ ਕੈਨੇਡਾ ਲਈ ਖੁਸ਼ਹਾਲੀ ਦਾ ਸਮਾਂ ਸੀ ਅਤੇ ਕਾਫੀ ਲੋਕ ਕੈਨੇਡਾ ਵਿਚ ਆਏ। 1967 ਵਿਚ ਨੰਬਰਾਂ ਵਾਲਾ ਪ੍ਰਬੰਧ ਸ਼ੁਰੂ ਕੀਤਾ ਅਤੇ ਇਹ ਨੰਬਰ ਅੱਜ ਵਾਂਗ ਉਮਰ, ਵਿਦਿਆ, ਹੁਨਰ, ਕਿੱਤਾ, ਨੌਕਰੀ ਦਾ ਪ੍ਰਬੰਧ, ਆਦਿ ਤੇ ਆਧਾਰਤ ਸੀ ਅਤੇ ਘੱਟ ਘੱਟ ਸੌ ਵਿਚ ਪੰਜਾਹ ਚਾਹੀਦੇ ਸਨ। ਰਿਸ਼ਤੇਦਾਰਾਂ ਲਈ ਘੱਟ ਆਦਿ। ਪਰ ਰਿਫੀਊਜੀਆਂ ਤੇ ਖਾਸ ਕਰ ਪੱਛੜੇ ਹੋਏ (ਦਸਤਕਾਰੀ ਦੇ ਤੌਰ ਤੇ) ਦੇਸ਼ਾਂ ਲਈ ਵਿਤਕਰੇ ਭਰਿਆ ਰਵੱਈਆ ਰਿਹਾ। ਨਾਲ ਹੀ ਰਾਜਨੀਤੀ ਤਾਂ ਪਾਲਸੀ ਦਾ ਹਿਸਾ ਹੈ ਹੀ, ਜਿਵੇਂ ਸਮਾਜਵਾਦੀ ਦੇਸ਼ਾਂ ਵਿਚੋਂ ਭੱਜ ਕੇ ਆ ਰਹੇ ਲੋਕਾਂ ਨੂੰ ਜੀ ਆਇਆਂ ਪਰ ਜੇਕਰ ਫੌਜੀ ਤੇ ਡੇਕਟੇਟਰੀ ਵਾਲੇ ਦੇਸ਼ਾਂ ਵਿਚ ਅਗਾਂਹ ਵਧੂ ਭੱਜ ਕੇ ਆਉਣ ਤਾਂ ਉਨ੍ਹਾਂ ਦੇ ਦਾਖਲੇ ਨੂੰ ਰੋਕਣ ਦਾ ਯਤਨ ਹੁੰਦਾ ਹੈ ਜਿਵੇਂ 1973 ਵਿਚ ਚਿੱਲੀ ਦੀ ਫਾਸ਼ੀ ਜੁੰਡਲੀ ਤੋਂ ਭੱਜ ਕੇ ਆ ਰਿਹਾਂ ਨੂੰ ਮੋੜਨ ਦਾ ਯਤਨ ਕੀਤਾ। ਅੱਜ ਭੀ ਐਲ ਸੈਲਵਾਡੋਰ ਆਦਿ ਤੋਂ ਭੱਜ ਕੇ ਆ ਰਿਹਾਂ ਨੂੰ ਵਾਪਸ ਮੋੜਨ ਦੇ ਯਤਨ ਹੁੰਦੇ ਹਨ।

ਦੂਜੀ ਸੰਸਾਰ ਜੰਗ ਤੋਂ ਪਿੱਛੋਂ ਕਈ ਯੂਰਪੀ ਦੇਸ਼ਾਂ ਤੋਂ ਲੋਕ ਕੈਨੇਡਾ, ਅਮਰੀਕਾ ਤੇ ਬਰਤਾਨੀਆਂ ਨੂੰ ਆਏ। ਰਿਫੀਊਜੀਆਂ ਬਾਰੇ ਨਿਯਮ ਬਣਾਏ ਗਏ। ਕਨੇਡਾ ਦਾ ਨਵਾਂ ਕਾਨੂੰਨ ਅਤੇ ਨਿਯਮ ਜਾਂ ਢੰਗ ਤਰੀਕੇ ਇਸ ਲਈ ਕਈ ਸਟੇਜਾਂ ਵਿਚ ਉਲੀਕੇ ਦੱਸੇ ਜਾਂਦੇ ਹਨ ਕਿ ਇਸ ਗੱਲ ਦਾ ਛੇਤੀ ਫੈਸਲਾ ਹੋ ਸਕੇ ਕਿ ਕੌਣ ਰਿਫੀਊਜੀ ਹੈ ਤੇ ਕੌਣ ਨਹੀਂ। ਇਹ ਨਿਰਣੇ 1951 ਦੀ ਯੂ. ਐਨ. ਓ. ਕਨਵੈਨਸ਼ਨ ਦੀ ਵਿਆਖਿਆ ਅਧੀਨ ਹੋਵੇਗਾ। ਕੈਨੇਡਾ ਨੇ ਭੀ ਇਸ ਕਨਵੈਨਸ਼ਨ ਦੇ ਦਸਤਖਤ ਕੀਤੇ ਹੋਏ ਹਨ। 'ਕਨਵੈਨਸ਼ਨ ਰਿਫੀਊਜੀ ਉਹ ਹਨ ਜਿਹੜੇ ਜਾਇਜ਼ ਤੌਰ ਤੇ ਦਿਲੋਂ ਡਰਦੇ ਹਨ ਕਿ ਜੇਕਰ ਉਹ ਵਾਪਸ ਆਪਦੇ ਦੇਸ਼ ਜਾਂਦੇ ਹਨ ਤਾਂ ਨਸਲ, ਕੌਮੀਅਤ, ਕਿਸੇ ਸਮਾਜੀ ਗਰੁੱਪ ਦਾ ਮੈਂਬਰ ਹੋਣ ਕਰਕੇ ਜਾਂ ਸਿਆਸੀ ਰਾਏ ਰੱਖਣ ਜਾਂ ਧਰਮ ਦੇ ਕਾਰਨ, ਉਹਨਾਂ ਨੂੰ ਤੰਗ ਕੀਤਾ ਜਾਏਗਾ ਤੇ ਉਹਨਾਂ ਤੇ ਜ਼ੁਲਮ ਹੋਣਗੇ ਅਤੇ ਜਾਨ ਨੂੰ ਖਤਰਾ ਸਮਝਦੇ ਹਨ। ਇਸ ਸਮੇਂ ਕੈਨੇਡਾ ਵਿਚ ਕੋਈ ਅੱਸੀ ਹਜ਼ਾਰ ਦੇ ਕਰੀਬ ਰਿਫੀਊਜੀ ਕਲੇਮ ਵਾਲੇ ਹਨ ਅਤੇ ਉਹ ਪਹਿਲੀ ਜਨਵਰੀ 1989 ਤੋਂ ਪਹਿਲੇ ਪ੍ਰਬੰਧ ਦੇ ਅਧੀਨ ਆਉਂਦੇ ਹਨ। (ਉਹਨਾਂ ਬਾਰੇ ਇਹ ਸਮਝ ਹੈ ਕਿ ਭਾਰੀ ਬਹੁ-ਗਿਣਤੀ ਨੂੰ ਤਾਂ ਇਜ਼ਾਜ਼ਤ ਮਿਲ ਹੀ ਜਾਣੀ ਹੈ ਤੇ ਸ਼ਾਇਦ ਸਭ ਨੂੰ ਹੀ ਲੰਮੇ ਸਮੇਂ ਤੋਂ ਰਹਿੰਦੇ ਅਤੇ ਦਵਾਅ ਕਾਰਣ ਰਹਿਣ ਦੀ ਇਜ਼ਾਜ਼ਤ ਮਿਲ ਜਾਏ।)

1980 ਵਿਚ ਕਨੇਡਾ ਵਿਚ ਕੋਈ ਦੋ-ਹਜ਼ਾਰ ਰਿਫੀਊਜੀ ਕਲੇਮ ਵਾਲੇ ਸਨ। 1987 ਵਿਚ ਕੋਈ ਸਤਾਈ ਹਜ਼ਾਰ ਹੋ ਗਏ ਅਤੇ 1988 ਦੇ ਅੰਤ ਤੱਕ ਕੋਈ ਅੱਸੀ ਹਜ਼ਾਰ। ਸੋ ਸਰਕਾਰ ਨੇ ਇਹ ਬਹਾਨਾ ਲਾਇਆ ਕਿ ਰਿਫੀਊਜੀ ਕਲੇਮ ਹੁੰਦੇ ਸਾਰ ਹੀ ਛੇਤੀ ਤੋਂ ਛੇਤੀਂ ਨਜਿੱਠਣ ਲਈ ਢੰਗ ਘੜੇ ਹਨ। ਆਖਦੇ ਹਨ ਜਿਉਂ ਜਿਉਂ ਪੁਰਾਣੇ ਪ੍ਰਬੰਧ ਅਧੀਨ ਹੱਲ ਜਾਂ ਸੁਣਵਾਈ ਦੀ ਥਾਂ, ਕੇਸ ਪਿਛੇ ਪੈਂਦੇ ਗਏ ਤਿਉਂ ਤਿਉਂ ਹੋਰ ਕਲੇਮ ਹੁੰਦੇ ਗਏ। ਹੁਣ ਨਵੇਂ ਢੰਗ ਅਧੀਨ ਇਮੀਗਰੇਸ਼ਨ ਰਿਫੀਊਜੀ ਬੋਰਡ ਪਾਸ ਕਾਫੀ ਜ਼ਿਮੇਵਾਰੀ ਹੈ। ਇਹ ਭੀ ਆਖਿਆ ਗਿਆ ਹੈ ਕਿ ਰਿਫੀਊਜੀ ਬੋਰਡ ਪਾਰਲੀਮੈਂਟ ਅੱਗੇ ਹੀ ਜਵਾਬ ਦੇਹ ਹੈ। ਅਤੇ ਇਹ ਇਮੀਗਰੇਸ਼ਨ ਦੇ ਮਹਿਕਮੇ ਅਤੇ ਸਿਆਸੀ ਢੰਗ ਤਰੀਕਿਆਂ ਤੋਂ ਅਜ਼ਾਦ ਦੱਸਿਆ ਜਾਂਦਾ ਹੈ। ਇਸੇ ਹੀ ਤਰ੍ਹਾਂ ਕੇਸ ਦੀ ਸੁਣਵਾਈ ਸੁਣਨ ਵਾਲਾ ਜੱਜ (ਐਡਜੁਡੀਕੇਟਰ) ਭੀ ਆਜ਼ਾਦ ਦੱਸਿਆ ਗਿਆ ਹੈ। ਨਵੇਂ ਰਿਫੀਊਜੀ ਪ੍ਰਬੰਧ ਅਧੀਨ ਇਹ ਵੇਖਣ ਦਾ ਦਾਅਵਾ ਹੈ ਕਿ ਜਾਇਜ਼ ਰਿਫੀਊਜੀ ਦਾ ਦਰਜਾ ਛੇਤੀਂ ਤੋਂ ਛੇਤੀਂ ਦੱਸਿਆ ਜਾਵੇ ਅਤੇ ਇਹ ਜਾਇਜ਼ਾ ਨਰਮੀ ਤੇ ਇਨਸਾਨੀ ਕਦਰਾਂ ਕੀਮਤਾਂ ਦੇ ਆਧਾਰ ਤੇ ਕੀਤਾ ਜਾਵੇ। ਪਰ ਇਸ ਪ੍ਰਬੰਧ ਦਾ ਕੋਈ ਵਿਅਕਤੀ ਨਾਜਾਇਜ਼ ਲਾਭ ਨਾ ਉਠਾਏ ਜਿਸ ਨਾਲ ਇਮੀਗਰੇਸ਼ਨ ਦੀ ਆਮ ਨੀਤੀਆਂ ਤੇ ਪ੍ਰਬੰਧ ਨੂੰ ਨੁਕਸਾਨ ਨਾ ਹੋਵੇ। ਇਹ ਭੀ ਦਾਅਵਾ ਕੀਤਾ ਹੈ ਕਿ ਇਹ ਪ੍ਰਬੰਧ ਅਸਰਕਾਇਕ, ਨਰਮੀਵਾਲਾ ਅਤੇ ਅੰਤਰ-ਰਾਸ਼ਟਰੀ ਬੱਚਨ ਬੱਧਤਾ ਦੇ ਅਨਸਾਰ

BOMBAY SWEETS MANUFACTURER INC.
6556—6560 MAIN (at 49th Ave.)
VANCOUVER, B.C. V5X 3G9
Tel. (604) 321-1414
Or 874-5722
CONTACT:
NARESH SHUKLA & BROS.
$2.50 / $1.75

ਹੋਵੇ । ਇਸ ਲਾਭ ਦੇ ਨਿਰਣੇ ਲਈ ਇਮੀਗਰੇਸ਼ਨ ਤੇ ਰਿਫੀਊਜੀ ਬੋਰਡ ਹੈ। ਇਹ ਬੋਰਡ ਆਖ ਰਿਹਾ ਹੈ ਕਿ ਰਿਫੀਊਜੀ ਕਲੇਮਾਂ ਦਾ ਫੈਸਲਾ ਕੈਨੇਡਾ ਦੇ ਹੱਕਾਂ ਅਤੇ ਆਜ਼ਾਦੀਆਂ ਦੇ ਚਾਰਟਰ, ਯੂ. ਐਨ. ਓ. ਦੀ ਕਨਵੈਨਸ਼ਨ ਅਤੇ ਕਨੇਡਾ ਦੀਆਂ ਇਨਸਾਨੀਅਤ ਪੱਖੀ ਰਿਵਾਇਤਾਂ ਅਨੁਸਾਰ ਹੋਵੇਗਾ । ਇਹ ਪ੍ਰਬੰਧਕੀ ਟਰੀਬੂਨਲ ਹੈ। ਇਸ ਦਾ ਕੰਮ ਹੈ ਕਿ ਲਚਕਦਾਰ ਅਤੇ ਗੈਰ-ਰਸਮੀ ਹੋਵੇ। ਕਲੇਮ ਵਾਲੇ ਦੇ ਵਿਰੋਧੀ ਦੇ ਤੌਰ ਤੇ ਕੰਮ ਨਾ ਕਰੇ ਅਤੇ ਜਿਥੇ ਸ਼ੱਕ ਹੈ ਉਥੇ ਸ਼ੱਕ ਕਲੇਮ ਵਾਲੇ ਦੇ ਹੱਕ ਵਿਚ ਜਾਵੇ ।

ਇਮੀਗਰੇਸ਼ਨ ਅਤੇ ਰਿਫੀਊਜੀ ਬੋਰਡ ਦੀਆਂ ਦੋ ਬਰਾਚਾਂ ਹਨ — ਕਨਵੈਨਸ਼ਨ ਰਿਫੀਊਜੀ ਦਾ ਨਿਰਣਾ ਕਰਨ ਵਾਲੀ ਬ੍ਰਾਂਚ ਅਤੇ 2 ਇਮੀਗਰੇਸ਼ਨ ਅਪੀਲ ਡਿਵੀਜ਼ਨ' ਕਨਵੈਨਸ਼ਨ ਰਿਫੀਊਜੀ ਬ੍ਰਾਂਚ ਤਾਂ ਰਿਫੀਊਜੀ ਕਲੇਮ ਹੀ ਸੁਣਦੀ ਹੈ । ਪਰ ਅਪੀਲ ਡਿਵੀਜ਼ਨ ਵਿਚ ਕੈਨੇਡਾ ਦੇ ਵਸਨੀਕਾਂ ਅਤੇ ਸੈਲਾਨੀਆਂ ਦੀਆਂ ਅਪੀਲਾਂ ਸੁਣਦੀ ਹੈ ਅਤੇ ਸਪੁੰਸਰ ਕੀਤੇ ਪਰਿਵਾਰਕ ਮੈਂਬਰਾਂ ਬਾਰੇ ਭੀ ਅਪੀਲ ਸੁਣਦੀ ਹੈ ।

ਰਿਫੀਊਜੀ ਕਲੇਮ ਤੇ ਇਸ ਦੀ ਸੁਣਵਾਈ ਦੀਆਂ ਕਈ ਸਟੇਜਾਂ ਹਨ ਪਰ ਮੋਟੇ ਤੌਰ ਤੇ ਪਹਿਲਾਂ ਤਾਂ ਕੈਨੇਡਾ ਦੀ ਬੰਦਰਗਾਹ, ਹਵਾਈ ਅੱਡਾ ਜਾਂ ਕੈਨੇਡਾ ਦੀ ਹੱਦ ਅੰਦਰ ਵੜਨ ਦੀ ਥਾਂ ਉਤੇ ਰਿਫੀਊਜੀ ਹੋਣ ਦਾ ਕਲੇਮ ਕੀਤਾ ਜਾਂਦਾ ਹੈ । ਕੈਨੇਡਾ ਦੇ ਅੰਦਰ ਆਇਆ ਹੋਇਆ ਵਿਅਕਤੀ ਭੀ ਕਿਸੇ ਭੀ ਕਨੇਡੀਅਨ ਇਮੀਗਰੇਸ਼ਨ ਦਫਤਰ ਵਿਚ ਜਾ ਕੇ ਜਾਂ ਇਮੀਗਰੇਸ਼ਨ ਪੜਤਾਲ ਹੋਣ ਸਮੇਂ ਰਿਫੀਊਜੀ ਕਲੇਮ ਕਰ ਸਕਦਾ ਹੈ । ਸੀਨੀਅਰ ਇਮੀਗਰੇਸ਼ਨ ਅਫਸਰ ਇਨਸਾਨੀਅਤ ਅਤੇ ਰਹਿਮ ਦੇ ਨਾਮ ਉਪਰ ਰੀਵੀਊ ਭੀ ਕਰਦੇ ਹਨ ।

ਆਰੰਭਕ ਪੜਤਾਲ ਤਾਂ ਇਮੀਗਰੇਸ਼ਨ ਅਫਸਰ ਦਾਖਲੇ ਵਾਲੀ ਥਾਂ ਤੇ ਹੀ ਕਰਦਾ ਹੈ ਤੇ ਰੀਪੋਰਟ ਲਿਖਦਾ ਹੈ ।ਰਿਫੀਊਜੀ ਕਲੇਮ ਕਰਨ ਵਾਲਾ ਵਕੀਲ ਜਾਂ ਸਲਾਹਕਾਰ ਦੀ ਮੰਗ ਕਰ ਸਕਦਾ ਹੈ ਅਤੇ ਪੜਤਾਲ (ਇਨਕੁਆਇਰੀ) ਸਮੇਂ ਵਕੀਲ ਜਾਂ ਸਲਾਹਕਾਰ ਦੀ ਫੀਸ ਸਰਕਾਰ ਦੇਵੇਗੀ । ਆਰੰਭ ਵਿਚ ਇਹ ਤਿੰਨ ਗੱਲਾਂ ਵੇਖਣੀਆਂ ਹਨ ਕਿ ਇਸ ਵਿਅਕਤੀ ਨੇ 90 ਦਿਨ ਪਹਿਲਾਂ ਹੋਰ ਕਿਸੇ ਦੇਸ਼ ਵਿਚ ਤਾਂ ਰਿਫੀਊਜੀ ਕਲੇਮ ਕੀਤਾ ਹੈ ਜਾਂ ਨਹੀਂ । ਉਹ ਜੰਗੀ ਮੁਜਰਮ (ਜਿਵੇਂ ਫਾਂਸੀ ਨਾਜ਼ੀ) ਤਾਂ ਨਈਂ । ਉਹ ਦੇਸ਼ ਲਈ ਖਤਰਾ ਤਾਂ ਨਹੀਂ । ਜੇ ਇਹ ਤਿੰਨ ਗੱਲਾਂ ਨਹੀਂ ਤਾਂ ਫਿਰ ਉਸ ਦੀ ਅਰਜ਼ੀ ਆਰੰਭਕ ਪੜਤਾਲ ਵਿਚ ਜਾਵੇਗੀ । ਜਿਥੇ ਰਿਫੀਊਜੀ ਕਲੇਮ ਕਰਨ ਵਾਲੇ ਨੇ ਇਹ ਸਾਬਤ ਕਰਨਾ ਹੈ ਕਿ ਉਸ ਦੀ ਕਹਾਣੀ ਭਰੋਸੇ ਯੋਗ ਹੈ। ਤਸੀਹੇ ਦੇਣ ਜਾਂ ਤੰਗੀ ਵਾਲੇ ਦੇਸ਼ ਦਾ ਮਨੁੱਖੀ ਹੱਕਾਂ ਦਾ ਰਿਕਾਰਡ ਭੀ ਧਿਆਨ ਵਿਚ ਰੱਖਿਆ ਜਾਂਦਾ ਹੈ । ਕੇਸ ਦੀ ਆਰੰਭਕ ਸੁਣਵਾਈ ਬਹੱਤਰ (72) ਘੰਟਿਆਂ ਅੰਦਰ ਹੋਵੇਗੀ । ਸੁਣਵਾਈ ਵਿਚ ਇਕ ਬੰਦਾ ਰਿਫੀਊਜੀ ਡਿਵੀਜ਼ਨ ਦਾ ਅਤੇ ਇਕ ਜੱਜ (ਐਡਜੂਡੀਕੇਟਰ) ਹੁੰਦੇ ਹਨ ਅਤੇ ਵਾਪਸ ਭੇਜਣ ਲਈ ਦੋਨਾਂ ਦੀ ਇਕ ਰਾਏ ਹੋਵੇ । ਜੇ ਇਕ ਮਤ ਨਹੀਂ ਵਾਪਸ ਨਹੀਂ ਭੇਜਿਆ ਜਾ ਸਕਦਾ । ਰਿਫੀਊਜੀ ਕਲੇਮ ਕਰਨ ਵਾਲਾ ਸੁਰੱਖਿਅਤ ਦੇਸ਼ ਵਿਚ ਦੀ ਭੀ ਨਾ ਆਇਆ ਹੋਵੇ । ਜੇ ਆਰੰਭਕ ਸੁਣਵਾਈ ਵਿਚ ਕਹਾਣੀ ਯਕੀਨ ਵਾਲੀ ਹੈ ਤਾਂ ਫਿਰ ਕੇਸ ਪੂਰੀ 'ਹੀਅਰਿੰਗ' (Hearing) ਲਈ ਜਾਂਦਾ ਹੈ। ਜੇ ਯਕੀਨ ਨਹੀਂ ਤਾਂ ਵਾਪਸ ਭੇਜਣ ਦਾ ਹੁਕਮ ਹੋ ਸਕਦਾ ਹੈ। ਪਰ ਡੀਪੋਰਟ ਕਰਨ ਲਈ ਜੱਜ ਤੇ ਬੋਰਡ ਮੈਂਬਰ ਦੋਹਾਂ ਦੀ ਸਹਿਮਤੀ ਜ਼ਰੂਰੀ ਹੈ ।

ਦੂਜੀ ਸਟੇਜ ਦੀ ਹੀਅਰਿੰਗ ਵਿਚ ਸਾਰੀ ਜ਼ਿੰਮੇਵਾਰੀ ਰਿਫੀਊਜੀ ਬੋਰਡ ਦੀ ਹੈ । ਹੀਅਰਿੰਗ ਦੇ ਦੋਵੇਂ ਮੈਂਬਰ ਰਿਫੀਊਜੀ ਡਿਵੀਜ਼ਨ ਦੇ ਹੁੰਦੇ ਹਨ । ਕਾਰਵਾਈ ਵੇਖਣ ਲਈ ਯੂ. ਐਨ. ਓ. ਦਾ ਰਿਫੀਊਜੀਆਂ ਲਈ ਹਾਈ ਕਮਿਸ਼ਨਰ ਦਾ ਨੁਮਾਇੰਦਾ ਬੈਠ ਸਕਦਾ ਹੈ । ਕਈ ਖਾਸ ਹਾਲਤਾਂ ਵਿਚ ਇਮੀਗਰੇਸ਼ਨ ਦਾ ਅਫਸਰ ਭੀ ਬੈਠ ਸਕਦਾ ਹੈ। ਇਸ ਸਮੇਂ ਰਿਫੀਊਜੀ ਦੇ ਦੇਸ਼ ਨੂੰ ਦੇ ਮਨੁੱਖੀ ਹੱਕਾਂ ਦਾ ਰੀਕਾਰਡ ਵੇਖਿਆ ਜਾਵੇਗਾ। ਹੁਣ ਹਾਲਾਤ ਕਿਹੋ ਜਿਹੇ ਹਨ । ਕੀ ਉਸ ਨੂੰ ਅਸਲੀਅਤ ਵਿਚ ਸਰਕਾਰ ਵਲੋਂ ਆਪਣੀ ਜਾਨ ਨੂੰ ਖਤਰਾ ਹੈ? ਕਲੇਮ ਵਾਲੇ ਨੇ ਸਾਬਤ ਕਰਨਾ ਹੈ ਕਿ ਉਹ ਜਾਇਜ਼ ਰਿਫੀਊਜੀ ਹੈ। ਬੋਰਡ ਪਾਸ ਸੁਰੱਖਿਅਤ ਜਾਂ ਸੁਰੱਖਿਆ ਰਹਿਤ ਦੇਸ਼ਾਂ ਦੀ ਅਜੇ ਲਿਸਟ ਨਹੀਂ ਜਿਵੇਂ ਪਹਿਲੇ ਪ੍ਰਬੰਧ ਅਧੀਨ ਸੀ । ਸਰਕਾਰ ਨੇ ਨਵੇਂ ਅਧੀਨ ਕੋਈ ਨਹੀਂ ਬਣਾਈ । ਪੁਰਾਣੇ ਪ੍ਰਬੰਧ ਲਈ ਗੈਰ-ਸੁੱਰਖਿਅਤ ਦੇਸ਼ਾਂ ਦੀ ਲਿਸਟ ਹੈ । ਇਸ ਸਟੇਜ ਤੇ ਭੀ ਕਲੇਮ ਵਾਲਾ ਤਦ ਹੀ ਵਾਪਸ ਭੇਜਿਆ ਜਾ ਸਕਦਾ ਹੈ ਜੇਕਰ ਦੋਵੇਂ ਮੈਂਬਰ ਸਹਿਮਤ ਹੋਣ । ਜੇਕਰ ਇਕ ਮੈਂਬਰ ਰਿਫੀਊਜੀ ਕਲੇਮ ਕਰਨ ਵਾਲੇ ਦੇ ਹੱਕ ਵਿਚ ਹੈ ਤਾਂ ਰਿਫੀਊਜੀ ਇਥੇ ਰਹੇਗਾ, ਜੇ ਉਸ ਦਾ ਕਲੇਮ ਮੰਨ ਹੋ ਜਾਂਦਾ ਹੈ ਤਾਂ ਉਸ ਨੂੰ ਪੱਕੇ ਇਮੀਗਰੈਂਟ ਦੀ ਇਜ਼ਾਜ਼ਤ ਮਿਲ ਜਾਏਗੀ । ਜੇਕਰ ਪਹਿਲੀ ਦੂਜੀ ਸੁਣਵਾਈ ਵਿਚ ਜਾਂ ਹੀਅਰਿੰਗ ਸਮੇਂ ਉਸ ਦੇ ਵਿਰੁੱਧ ਫੈਸਲਾ ਹੋ ਜਾਂਦਾ ਹੈ ਤਾਂ ਕਲੇਮ ਕਰਨ ਵਾਲਾ ਕੈਨੇਡਾ ਦੀ ਫੈਡਰਲ ਕੋਰਟ ਵਿਚ ਅਪੀਲ ਕਰ ਸਕਦਾ ਹੈ। ਪਰ ਕੇਸ ਦਾ ਰੀਵਿਊ ਕਰਨ ਲਈ ਅਪੀਲ ਦੀ ਇਜ਼ਾਜ਼ਤ ਭੀ ਫੈਂਡਰਲ ਕੋਰਟ ਦੇ ਜੱਜ ਤੋਂ ਲੈਣੀ ਪਵੇਗੀ ।

ਨਵੇਂ ਪ੍ਰਬੰਧ ਅਧੀਨ ਕਲੇਮ ਦੀ ਪਹਿਲੀ ਸੁਣਵਾਈ ਕਲੇਮ ਕਰਨ ਦੇ ਸੱਤਾਂ ਦਿਨਾਂ ਦੇ ਅੰਦਰ ਹੋਵੇਗੀ । ਜੇ ਕੇਸ ਦੂਜੀ ਸਟੇਜ ਭਾਵ ਪੂਰੀ ਹੀਅਰਿੰਗ ਤੇ ਪਹੁੰਚ ਜਾਂਦਾ ਹੈ ਤਾਂ ਹੀਅਰਿੰਗ ਅੱਠ ਤੋਂ ਸੋਲਾ ਹਫਤਿਆਂ ਅੰਦਰ ਹੋਵੇਗੀ । ਕਲੇਮ ਕਰਨ ਵਾਲੇ ਦੇ ਦੇਸ਼ ਅੰਦਰ ਦੀ ਹਾਲਤ, ਮਨੁੱਖੀ ਹੱਕ, ਅਜ਼ਾਦੀਆਂ ਅਤੇ ਆਮ ਹਾਲਾਤ ਜਾਨਣ ਲਈ ਇਮੀਗਰੇਸ਼ਨ ਅਤੇ ਰਿਫੀਊਜੀ ਬੋਰਡ ਦਾ ਆਪਣਾ ਦਸਤਾਵੇਜ਼ ਕੇਂਦਰ (ਡਾਕਿਊਮੈਂਟ ਸੈਂਟਰ) ਹੋਵੇਗਾ। ਇਸ ਵਿਚ ਰਿਫੀਊਜੀਆਂ

## ਗਜ਼ਲ

ਸੁਸ਼ੀਲ ਦੁਸਾਂਝ

ਹਰ ਘਰ ਲਗ ਰਿਹਾ ਵੀਰਾਨ, ਦੇਖ ।
ਖ਼ਾਰ-ਖ਼ਾਰ ਹੋ ਰਿਹਾ ਇਨਸਾਨ ਦੇਖ ।
ਕਾਤਿਲ ਦੇ ਹੱਥ ਲਿਸ਼ਕਦੀ ਕਿਰਪਾਨ, ਦੇਖ,
ਦਿਲ ਵਿਚ ਸਾਡੇ ਮਚਲਦੇ ਅਰਮਾਨ, ਦੇਖ ।
ਦੇਖ, ਕਿਦਾਂ ਹੋ ਰਹੀਆਂ ਬਰਬਾਦੀਆਂ,
ਰੁਲ ਰਹੀ ਹੈ ਸਭ ਦੀ ਜਿੰਦ-ਜਾਨ, ਦੇਖ ।
ਦੇਖ, ਜੋ ਤੂੰ ਕਰ ਰਿਹਾ ਕਾਲੇ ਕਰਮ,
ਨਾਨਕ, ਈਸਾ, ਬੁੱਧ ਦਾ ਫੁਰਮਾਨ, ਦੇਖ ।
ਦੇਖ, ਮੁਲਾਂ, ਦੇਖ ਭਾਈ, ਪੰਡਤਾ,
ਚੁਪ ਕਿਉਂ ਬੈਠਾ ਤੇਰਾ ਭਗਵਾਨ, ਦੇਖ ।
ਦੇਖ, ਇਹ ਜੋ ਚੁਪ ਹੈ ਵਰਤੀ ਹੋਈ,
ਆਉਣ ਵਾਲਾ ਹੈ ਕੋਈ ਤੂਫਾਨ, ਦੇਖ ।
ਦੇਖ, 'ਸ਼ੀਲ' ਕਿਰਨਾਂ ਦਾ ਆਉਂਦਾ ਕਾਫਲਾ,
ਲਾਲ ਸੂਹਾ ਹੋ ਰਿਹਾ ਅਸਮਾਨ ਦੇਖ ।

BOOK NOW FLY LATER SAVE MONEY



SPECIAL FARES TO:
San Francisco Toronto London

Cheapest Fares To New Delhi, Bombay, Madras, Calcutta, Karachi, Colombo & Kathmandu

WE ARE AUTHORIZED AGENTS FOR.
JAL
JAPAN AIR LINES
AIR CANADA
CATHAY PACIFIC
Canadian
Wardair Canada
KLM
UNITED

Goyal Travels Inc.
4152 Fraser St., Vancouver, B.C. V5V 4E8
PH. (604) 877-7777
TOLL FREE From B.C., Alberta, Saskatchewan & Manitoba.
1-800-663-8638

CALGARY
Ph. (403) 235-6808

TORONTO
(416) 593-6966

# ਪੰਜਾਬ ਮਸਲਾ ਤੇ ਕੇਂਦਰ

ਜੇ ਪੰਜਾਬ ਮਸਲੇ ਆਰੰਭ ਹੋਣ ਤੋਂ ਲੈਕੇ ਹੁਣ ਤੱਕ ਦੀ ਅਵਸਥਾ ਉੱਤੇ ਝਾਤ ਪਾਈ ਜਾਵੇ ਤਾਂ ਇਹ ਨੋਟ ਕੀਤੇ ਬਿਨਾ ਨਹੀਂ ਰਿਹਾ ਜਾ ਸਕਦਾ ਕਿ ਕੇਂਦਰੀ ਸਰਕਾਰ ਨੇ ਇਸ ਮਸਲੇ ਨੂੰ ਜਾਣ ਬੁਝਕੇ ਲਟਕਾਉਣ ਦੀ ਕੋਸ਼ਿਸ਼ ਕੀਤੀ ਅਤੇ ਇਸ ਦੀ ਇਸ ਨੀਤੀ ਨਾਲ ਕਿਸੇ ਨਾ ਕਿਸੇ ਤਰਾਂ ਤੰਗ-ਸਿਆਸੀ ਹਿੱਤ ਬੱਝੇ ਰਹੇ।

ਸਾਬਕਾ ਪਰਧਾਨ ਮੰਤਰੀ ਦੇ ਵਾਰੇ ਪਹਿਰੇ ਇਹ ਮਸਲਾ ਇਕ ਵਾਰ ਲੱਗ ਪੱਗ ਨਿਪਟ ਹੀ ਗਿਆ ਸੀ ਕਿ ਕੇਂਦਰ ਨੇ ਫੇਰ ਕੁਝ ਮਾਮਲਿਆਂ ਬਾਰੇ ਆਪਣੇ ਹੱਥ ਪਿਛਾਂਹ ਖਿੱਚ ਲਏ।

ਏਸੇ ਹੀ ਸਬੰਧ ਵਿਚ ਇਹ ਗੱਲ ਵੀ ਵਰਨਣ ਯੋਗ ਹੈ ਕਿ ਪੰਜਾਬ ਦੇ ਸਾਬਕਾ ਮੁਖ ਮੰਤਰੀ ਸ੍ਰੀ ਦਰਬਾਰਾ ਸਿੰਘ ਨੇ ਆਪਣੀ ਗੱਦੀ ਪੱਕੀ ਰੱਖਣ ਲਈ ਪੰਜਾਬ ਅੰਦਰ ਨਾ ਕੇਵਲ ਭਿੰਡਰਾਂਵਾਲਾ ਨੂੰ ਅਕਾਲੀਆਂ ਦੇ ਟਾਕਰੇ ਵਿਚ ਉਭਾਰਿਆ ਸਗੋਂ ਹਰ ਤਰਾਂ ਦੇ ਫਿਰਕੂ ਜਨੂੰਨੀਆਂ ਨੂੰ ਸ਼ਹਿ ਦਿੱਤੀ ਅਤੇ ਖਾਲਿਸਤਾਨ ਦਾ ਪਰਚਾਰ ਵੀ ਕਰਵਾਇਆ।

ਜਦੋਂ ਪੰਜਾਬ ਅੰਦਰ ਇਹ ਸਾਰਾ ਕੁਝ ਹੋਣ ਲੱਗ ਪਿਆ ਤਾਂ ਸਾਮਰਾਜੀ ਸ਼ਕਤੀਆਂ ਨੇ ਵੀ ਆਪਣੇ ਪੇਚੇ ਪਾ ਲਏ ਅਤੇ ਹਾਲਾਤ ਨੂੰ ਖਰਾਬ ਕਰਨ ਲਈ ਹਰ ਤਰਾਂ ਦੇ ਉਪਰਾਲੇ ਕੀਤੇ।

ਅਕਾਲੀਆਂ ਦੇ ਮੋਰਚੇ ਸਮੇਂ ਭਿੰਡਰਾਂਵਾਲਾ ਦੇ ਅੱਤਵਾਦੀ ਟੋਲਿਆਂ ਨੇ ਨਾ ਕੇਵਲ ਕਤਲਾਂ ਦਾ ਸਿਲਸਲਾ ਹੀ ਆਰੰਭਿਆ ਸਗੋਂ ਦਰਬਾਰ ਸਾਹਿਬ ਕੰਪਲੈਕਸ ਉੱਤੇ ਵੀ ਕਬਜ਼ਾ ਕਰ ਲਿਆ ਅਤੇ ਉਸ ਨੂੰ ਇਕ ਤਰਾਂ ਨਾਲ ਫੌਜੀ ਛਾਉਣੀ ਵਿਚ ਬਦਲ ਦਿੱਤਾ। ਉਹਨਾਂ ਨੇ ਦਹਿਸ਼ਤ ਦਾ ਇਕ ਅਜਿਹਾ ਦੌਰ ਆਰੰਭ ਦਿੱਤਾ ਕਿ ਅਕਾਲੀ ਲੀਡਰਸ਼ਿਪ ਨਾ ਕੇਵਲ ਬੇਅਸਰ ਹੋਕੇ ਰਹਿ ਗਈ ਸਗੋਂ ਉਹਨਾਂ ਨੇ ਦਰਬਾਰ ਸਾਹਿਬ ਹੀ ਆਉਣਾ ਛੱਡ ਦਿੱਤਾ। ਸ਼ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਵੀ ਇਕ ਤਰਾਂ ਨਾਲ ਬੇਜਾਨ ਹੋਕੇ ਰਹਿ ਗਈ।

ਕਾਰ ਸੇਵ ਕਰਨ ਵਾਲੀਆਂ ਗੱਡੀਆਂ ਵਿਚ ਹਥਿਆਰ ਆਉਂਦੇ ਰਹੇ। ਭਿੰਡਰਾਂਵਾਲਾ ਟੋਲੇ ਨਾਲ ਪਾਕਿਸਤਾਨ ਵਿਚ ਕੰਮ ਕਰ ਰਹੀਆਂ ਸਾਮਰਾਜੀ ਏਜੰਸੀਆਂ ਨੇ ਵੀ ਸੰਪਰਕ ਕਾਇਮ ਕਰ ਲਿਆ ਅਤੇ ਹਥਿਆਰ ਵੀ ਭੇਜਣੇ ਸ਼ੁਰੂ ਕਰ ਦਿੱਤੇ।

ਫੇਰ ਪਿਛੋਂ ਜਦੋਂ ਦਰਬਾਰ ਸਾਹਿਬ ਅੰਦਰ ਅੱਤਵਾਦੀਆਂ ਨੇ ਆਪਣੇ ਆਪ ਨੂੰ ਚੰਗੀ ਤਰਾਂ ਜਮਾ ਲਿਆ ਤਾਂ ਉਹਨਾਂ ਨੂੰ ਓਥੋਂ ਖਦੇੜਨ ਲਈ ਕੇਂਦਰ ਨੇ ਨੀਲਾਤਾਰਾ ਕਾਰਵਾਈ ਕੀਤੀ ਤਾਂ ਉਸਦੇ ਪਿਛੋਂ ਜਿਹੜੀ ਵੀ ਅਵਸਥਾ ਪੈਦਾ ਹੋਈ ਉਸ ਤਹਿਤ ਸਿੱਖ ਫਿਰਕੇ ਵਿਚ ਕਈ ਤਰਾਂ ਦੇ ਭੁਲੇਖੇ ਖੜੇ ਹੋਏ ਅਤੇ ਸਮੁੱਚੇ ਤੌਰ 'ਤੇ ਸੂਬੇ ਦੇ ਹਾਲਾਤ ਵਿਗੜੇ ਅਤੇ ਸਾਮਰਾਜੀ ਏਜੰਸੀਆਂ ਨੂੰ ਹਾਲਾਤ ਨੂੰ ਹੋਰ ਵਿਗਾੜਨ ਲਈ ਇਕ ਚੰਗਾ ਹਥਿਆਰ ਮਿਲਿਆ।

ਨੀਲਾਤਾਰਾ ਕਾਰਵਾਈ ਤੋਂ ਪਿਛੋਂ ਹਾਲਾਤ ਨੂੰ ਚੰਗੇ ਪਾਸੇ ਵੱਲ ਮੋੜਾ ਦੇਣ ਲਈ ਕੋਸ਼ਿਸ਼ਾਂ ਚਲ ਹੀ ਰਹੀਆਂ ਸਨ ਕਿ ਸਾਮਰਾਜੀ ਏਜੰਸੀਆਂ ਨੇ ਆਪਣੀ ਗਿਣੀ-ਮਿਥੀ ਪਲਾਨ ਅਨੁਸਾਰ ਇੰਦਰਾ ਗਾਂਧੀ ਨੂੰ ਕਤਲ ਕਰਵਾ ਦਿੱਤਾ ਅਤੇ ਇਸ ਕਤਲ ਤੋਂ ਪਿਛੋਂ ਦੇਸ ਦੀ ਰਾਜਧਾਨੀ ਅੰਦਰ ਅਤੇ ਕੁਝ ਹੋਰ ਸੂਬਿਆਂ ਵਿਚ ਜਿਹੜੇ ਵੀ ਦੰਗੇ ਹੋਏ ਉਹਨਾਂ ਨਾਲ ਹਾਲਤ ਹੋਰ ਵਿਗੜੀ, ਸਿੱਖ ਫਿਰਕੇ ਅੰਦਰ ਕਈ ਤਰਾਂ ਦੀਆਂ ਗਲਤ-ਫਹਿਮੀਆਂ ਹੋਰ ਵੀ ਪੈਦਾ ਹੋਈਆਂ ਤੇ ਵਧੀਆਂ।

ਹਾਲਾਤ ਦਾ ਇਕ ਚੰਗਾ ਪਹਿਲੂ ਇਹ ਸੀ ਕਿ ਦਿੱਲੀ ਦੰਗਿਆਂ ਦਾ ਪੰਜਾਬ ਵਿਚ ਮੋੜਵਾਂ ਪ੍ਰਤੀਕਰਮ ਨਾ ਹੋਇਆ ਅਤੇ ਹਾਲਤ ਆਮ ਤੌਰ ਉੱਤੇ ਕੰਟਰੋਲ ਵਿਚ ਰਹੇ।

ਦੇਸ ਅੰਦਰ ਲੋਕ ਸਭਾ ਦੀਆਂ ਹੋਈਆਂ ਚੋਣਾਂ ਪਿਛੋਂ ਜਦੋਂ ਰਾਜੀਵ ਗਾਂਧੀ ਭਾਰੀ ਬਹੁ-ਮਤ ਨਾਲ ਲੋਕ ਸਭਾ ਦੀਆਂ ਸੀਟਾਂ ਜਿਤਕੇ ਪਰਧਾਨ ਮੰਤਰੀ ਬਣੇ ਤਾਂ ਆਪ ਨੇ ਪੰਜਾਬ ਦੇ ਜ਼ਖਮਾਂ ਤੇ ਮਲ੍ਹਮ ਲਾਉਣ ਦਾ ਵਾਅਦਾ ਕੀਤਾ ਅਤੇ ਇਸ ਵਾਅਦੇ ਦੀ ਪੂਰਤੀ ਲਈ ਜਿਹਲਾਂ ਵਿਚ ਬੰਦ ਅਕਾਲੀ ਆਗੂਆਂ ਨਾਲ ਗੱਲ ਬਾਤ ਕੀਤੀ।

ਇਹਨਾਂ ਸਾਰੀਆਂ ਕੋਸ਼ਿਸ਼ਾਂ ਦੇ ਸਿੱਟੇ ਵਜੋਂ ਪੰਜਾਬ ਸਮਝੌਤਾ ਹੋਂਦ ਵਿਚ ਆਇਆ, ਜਿਸ ਉੱਤੇ ਪਰਧਾਨ ਮੰਤਰੀ ਅਤੇ ਮਰਹੂਮ ਸੰਤ ਹਰਚੰਦ ਸਿੰਘ ਲੌਂਗੋਵਾਲ ਦੇ ਦਸਖਤ ਸਨ।

ਪੰਜਾਬ ਸਮਝੌਤੇ ਦਾ ਨਾ ਕੇਵਲ ਦੇਸ ਭਰ ਵਿਚ ਸਗੋਂ ਬਦੇਸਾਂ ਵਿਚ ਰਹਿੰਦੇ ਪੰਜਾਬੀਆਂ ਵਲੋਂ ਭਰਪੂਰ ਸੁਆਗਤ ਕੀਤਾ ਗਿਆ। ਇਸ ਸਮਝੌਤੇ ਤੋਂ ਪਿਛੋਂ ਪੰਜਾਬ ਦੇ ਹਾਲਾਤ ਵਿਚ ਵੀ ਸੁਧਾਰ ਹੋਇਆ ਅਤੇ ਅੱਤਵਾਦੀ-ਵੱਖਵਾਦੀ ਤੱਤ ਵੀ ਬੁਰੀ ਤਰਾਂ ਨਿੱਖੜ ਗਏ। ਸੂਬੇ ਵਿਚ ਹੋਈਆਂ ਅਸੰਬਲੀ ਚੋਣਾਂ ਨਾਹੀਂ ਵੀ ਏਸੇ ਗੱਲ ਦੀ ਪੁਸ਼ਟੀ ਹੋਈ ਸੀ (ਯਾਦ ਰਹੇ ਅੱਤਵਾਦੀ-ਵੱਖਵਾਦੀ ਤੱਤਾਂ ਨੇ ਚੋਣਾਂ ਦੇ ਬਾਈਕਾਟ ਦਾ ਨਾਹਰਾ ਦਿੱਤਾ ਸੀ)।

ਕੇਂਦਰੀ ਸਰਕਾਰ ਨੇ ਪੰਜਾਬ ਸਮਝੌਤੇ ਨੂੰ ਲਾਗੂ ਕਰਨ ਤੋਂ ਉਦੋਂ ਹੀ ਭਜਣਾਂ ਸ਼ੁਰੂ ਕਰ ਦਿੱਤਾ ਸੀ ਜਦੋਂ ਕਿ ਇਸ ਨੇ ਮਿਥੀ ਤਾਰੀਕ 'ਤੇ ਚੰਡੀਗੜ ਪੰਜਾਬ ਦੇ ਹਵਾਲੇ ਨਹੀਂ ਸੀ ਕੀਤਾ। ਉਸ ਤੋਂ ਪਿਛੋਂ ਇਲਾਕਿਆਂ ਦੀ ਤਬਦੀਲੀ ਦਾ ਸੁਆਲ ਕਮਿਸ਼ਨਾਂ ਦੇ ਗੇੜ ਵਿਚ ਪਾ ਦਿਤਾ ਗਿਆ।

ਜੇ ਅੱਜ ਵੀ ਪੰਜਾਬ ਸਮਝੌਤੇ ਉੱਤੇ ਝਾਤ ਮਾਰੀ ਜਾਵੇ ਤਾਂ ਇਹ ਗੱਲ ਨੋਟ ਕੀਤੇ ਬਿਨਾਂ ਨਹੀਂ ਰਿਹਾ ਜਾ ਸਕਦਾ ਕਿ ਹਾਲੇ ਤੱਕ ਵੀ ਇਸ ਦੀ ਇਕ ਵੀ ਪੂਰੀ ਮੱਦ ਲਾਗੂ ਨਹੀਂ ਹੋਈ।

ਅੰਤ ਹਰਿਆਣੇ ਵਿਚ ਚੋਣਾਂ ਜਿੱਤਣ ਦੀ ਝਾਕ ਵਿਚ ਕੇਂਦਰੀ ਸਰਕਾਰ ਨੇ ਬਰਨਾਲਾ ਸਰਕਾਰ ਦਾ ਹੀ ਭੋਗ ਪਾ ਦਿਤਾ ਅਤੇ ਪੰਜਾਬ ਨੂੰ ਗਵਰਨਰੀ ਰਾਜ ਦੇ ਹਵਾਲੇ ਕਰ ਦਿਤਾ।

ਗੱਲ ਕੀ ਕੇਂਦਰੀ ਸਰਕਾਰ ਪੰਜਾਬ ਮਸਲੇ ਦੇ ਸਿਆਸੀ ਹੱਲ ਨੂੰ ਲਗਾਤਾਰ ਲਟਕਾਉਂਦੀ ਚਲੀ ਆ ਰਹੀ ਹੈ ਅਤੇ ਇਹ ਪੰਜਾਬ ਸਮਝੌਤੇ ਦੀਆਂ ਉਹ ਮੱਦਾਂ ਵੀ ਲਾਗੂ ਨਹੀਂ ਕਰ ਸਕੀ ਜਿੰਨਾ ਦਾ ਕਿ ਕਿਸੇ ਦੂਜੀ ਧਿਰ ਨਾਲ ਸਬੰਧ ਨਹੀਂ।

(ਬਾਕੀ ਸਫਾ 29 'ਤੇ)


UJJAL DOSANJH LAWYER

ਆਪਣੀ ਬੋਲੀ ਵਿਚ ਗੱਲ ਕਰਨੀ ਸੌਖੀ ਹੈ

- ਅਦਾਲਤਾਂ ਦੇ ਹੋਰ ਕਈ ਕਿਸਮ ਦੇ ਕੇਸ
- ਇੰਮੀਗਰੇਸ਼ਨ ਦੀਆਂ ਅਪੀਲਾਂ
- ਆਈ. ਸੀ. ਬੀ. ਸੀ.
- ਡਾਈਵੋਰਸ (ਤਲਾਕ) ਅਤੇ ਪ੍ਰੀਵਾਰਕ (ਫੈਮਿਲੀ) ਕੇਸ

ਹੋਰ ਜਾਣਕਾਰੀ ਲਈ ਫੋਨ ਕਰੋ :

#202—5887 VICTORIA DRIVE,
VANCOUVER, B.C. V5P 3W5

ਉਜੱਲ ਦੁਸਾਂਝ
PHONE 327-6381

[illegible] 19 ਫਰਵਰੀ

ਅਤੇ ਉਹਨਾਂ ਦੇ ਦੇਸ਼ਾਂ ਬਾਰੇ ਜਾਣਕਾਰੀ ਹੋਵੇਗੀ। ਰਿਫੀਊਜੀ ਬੋਰਡ ਕੰਪਿਊਟਰ ਰਾਹੀਂ ਕੈਨੇਡਾ ਦੇ ਬਦੇਸ਼ੀ ਮੰਤਰਾਲੇ ਐਮਨਿਸਟੀ ਐਟਰਨੈਸ਼ਨ, ਰਿਫੀਊਜੀਟਾ ਲਈ ਯੂ. ਐਨ. ਓ. ਦਾ ਹਾਈ ਕਮਿਸ਼ਨਰ ਦਾ ਦਫਤਰ ਅਤੇ ਹੇਗ, ਜਨੀਵਾ ਅਤੇ ਬੋਨ, ਯੋਕ ਯੂਨੀਵਰਸਿਟੀ ਦੇ ਕਾਨੂੰਨ ਦੇ ਵਿੰਗ ਓਸਗੁੱਡ ਹਾਲ ਨਾਲ ਜੁੜਿਆ ਹੋਵੇਗਾ।

ਸੋ ਅਜੇ ਜਨਵਰੀ 1989 ਤੋਂ ਪਹਿਲੇ ਰਿਫੀਊਜੀ ਤਾਂ ਬਿਠਾਏ ਹੋਏ ਹਨ ਅਤੇ ਸਭ ਨੂੰ ਓਟਾਵਾਂ ਤੋਂ ਕੰਮ ਕਰਨ ਦੀ ਇਜ਼ਾਜ਼ਤ ਦੇ ਕਾਗਜ਼ ਆਉਣ। ਆਖਿਆ ਜਾਂਦਾ ਹੈ ਨਵਾਂ ਪ੍ਰਬੰਧ ਲਚਕਦਾਰ, ਇਨਸਾਫ ਵਾਲਾ ਆਦਿ ਹੋਵੇਗਾ। ਇਹ ਗੱਲ ਤਾਂ ਬੋਰਡ ਦੇ ਐਕਸ਼ਨ, ਫੈਸਲੇ ਆਪਣੇ ਆਪ ਬੋਲਣਗੇ। ਇਸ ਦੇ ਤਹਿਤ ਭੀ ਸ਼ਾਇਦ ਹੀ ਤੀਜੀ ਦੁਨੀਆਂ ਨੂੰ ਕੋਈ ਖਾਸ ਲਾਭ ਹੋਵੇ। ਇਹ ਪ੍ਰਬੰਧ ਤਾਂ ਅਗਾਂਹ ਵਧੂਆਂ ਦੇ ਵਿਰੁੱਧ ਹੈ ਅਤੇ ਸਮਾਜਵਾਦੀ ਦੇਸ਼ਾਂ ਤੋਂ ਭੱਜੇ ਹੋਇਆਂ ਨੂੰ ਆਪ ਸੱਦਦਾ ਹੈ ਪਰ ਜੇ ਕਰ ਫੌਜ਼ੀ ਫਾਸੀ ਜੁੰਡਲੀਆਂ ਤੋਂ ਡਰਦੇ ਲੋਕ ਇਥੋਂ ਸ਼ਰਨ ਮੰਗਣ ਤਾਂ ਉਹਨਾਂ ਨੂੰ ਇਕ ਦਮ ਵਾਪਸ ਭੇਜ ਦਿੱਤਾ ਜਾਂਦਾ ਹੈ।

ਸੋ ਅਜ ਜਨਵਰੀ 1989 ਤੋਂ ਪਹਿਲੇ ਰਿਫੀਊਜੀ ਤਾਂ ਬਿਠਾਏ ਹੋਏ ਹਨ ਅਤੇ ਸਭ ਨੂੰ ਓਟਾਵਾ ਤੋਂ ਕੰਮ ਕਰਨ ਦੀ ਇਜ਼ਾਜ਼ਤ ਦੇ ਕਾਗਜ਼ ਆਉਂਦਾਂ ਆਖਿਆ ਜਾਂਦਾ ਹੈ ਤੇ ਨਵਾਂ ਪ੍ਰਬੰਧ, ਇਨਸਾਫ ਵਾਲਾ ਆਦਿ ਹੋਵੇਗਾ। ਇਹ ਗੱਲ ਤਾਂ ਬੋਰਡ ਦੇ ਐਕਸ਼ਨ, ਫੈਸਲੇ ਆਪਣੇ ਆਪ ਬੋਲਣਗੇ। ਇਸ ਦੇ ਤਹਿਤ ਭੀ ਸ਼ਾਇਦ ਹੀ ਤੀਜੀ ਦੁਨੀਆਂ ਕੋਈ ਖਾਸ ਲਾਭ ਹੋਵੇ। ਇਹ ਪ੍ਰਬੰਧ ਤਾਂ ਅਗਾਂਹ ਵਧੂਆਂ ਦੇ ਵਿਰੁੱਧ ਹੈ ਅਤੇ ਸਮਾਜਵਾਦੀ ਦੇਸ਼ਾਂ ਤੋਂ ਭੱਜੇ ਹੋਇਆਂ ਨੂੰ ਆਪ ਸੱਦਦਾ ਹੈ ਪਰ ਜੇਕਰ ਫੌਜੀ ਫਾਸ਼ੀ ਜੁੰਡਲੀਆਂ ਤੋਂ ਡਰਦੇ ਲੋਕ ਇਥੇ ਸ਼ਰਨ ਮੰਗਣ ਤਾਂ ਉਹਨਾਂ ਨੂੰ ਇਕ ਦਮ ਵਾਪਸ ਭੇਜ ਦਿੱਤਾ ਜਾਂਦਾ ਹੈ।

# ‘ਸ਼ੈਤਾਨੀ ਆਇਤਾ’ ਦੀ ਲਿਖਤ ਬਾਰੇ

**‘ਸੂਫੀ’ ਅਮਰਜੀਤ**

ਸਲਮਾਨ ਰਸ਼ਦੀ ਦੇ ਅੰਗਰੇਜ਼ੀ - ਨਾਵਲ ‘ਸਤਾਨਿਕ ਵਰਸਜ਼’ (ਸ਼ੈਤਾਨੀ ਆਇਤਾਂ) ਬਾਰੇ ਸੰਸਾਰ ਭਰ ਵਿਚ, ਕੇਵਲ ਚਰਚਾ ਹੀ ਨਹੀਂ ਹੋ ਰਿਹਾ, ਸਗੋਂ ਲੇਖਕ ਨੂੰ, ਇਸ ਨਾਵਲ ਵਿਚ, ਇਤਰਾਜ਼ ਯੋਗ ਆਖੇ ਜਾਂਦੇ ਵਿਸ਼ੇ ਕਾਰਨ, ਕਤਲ ਕਰਨ ਦਾ ਫਤਵਾ ਵੀ ਦਿੱਤਾ ਜਾ ਚੁੱਕਾ ਹੈ। ਇਹ ਫਤਵਾ ਈਰਾਨ ਦੇ ਕੱਟੜ ਪੰਥੀ ਬੁਨਿਆਦ ਪ੍ਰਸਤ ਆਇਤ ਉਲਾ ਖੁਮੈਨੀ ਨੇ ਜਾਰੀ ਕੀਤਾ ਹੈ। ਇਸ ਫਤਵੇ ਦਾ ਸੰਸਾਰ ਦੇ ਆਮ ਹੀ ਕਟੜ ਪੰਥੀ ਮੌਲਵੀ-ਮੌਲਾਣਿਆਂ ਦੇ ਉਨ੍ਹਾਂ ਦੇ ਪ੍ਰਭਾਵ ਹੇਠਲੀ ਵਿਸ਼ਾਨ ਮੁਸਲਮ-ਜਨਤਾ ਨੇ ਸਮਰਥਨ ਕੀਤਾ ਹੈ।

ਖੁਮੈਨੀ ਦੇ ਫਤਵੇ ਦੇ ਵਿਰੁੱਧ ਸੰਸਾਰ ਭਰ ਦੇ ਲੇਖਕਾਂ, ਬੁੱਧੀਜੀਵੀਆਂ, ਜਮਹੂਰੀਅਤ ਪਸੰਦ ਲੋਕਾਂ ਨੇ ਅਤੇ ਇੰਗਲੈਂਡ ਸਮੇਤ ਕਈ ਦੇਸ਼ਾਂ ਦੀਆਂ ਸਰਕਾਰਾਂ ਨੇ ਅਵਾਜ਼ ਉਠਾਈ ਹੈ। ਕਈ ਦੇਸ਼ ਈਰਾਨ ਨਾਲ ਰਾਜਨੀਤਕ ਸੰਬੰਧ ਤੋੜਨ ਸੰਬੰਧੀ ਵੀ ਫੈਸਲੇ ਲੈਣ ਵਾਰੇ ਵਿਚਾਰ ਕਰ ਰਹੇ ਹਨ। ਖੁਮੈਨੀ ਦੇ ਮਧ - ਯੁੱਗੀ - ਫਤਵੇ ਵਿਰੁੱਧ ਮੁੱਖ ਤੌਰ ਤੇ, ਲੇਖਕ ਦੀ ਲਿਖਣ ਦੀ ਭਾਵ ਵਿਚਾਰ ਪ੍ਰਗਟ ਕਰਨ ਦੀ ਜਮਹੂਰੀ ਆਜ਼ਾਦੀ ਦੇ ਹੱਕ ਨੂੰ ਲਿਆ ਜਾ ਰਿਹਾ ਹੈ।

ਸਾਮਰਾਜੀ ਇੰਗਲੈਂਡ ਦੀ ਸਰਕਾਰ, ਆਪਣੇ ਦੇਸ਼ ਦੇ ਨਾਗਰਿਕ ਸਲਮਾਨ ਰਸ਼ਦੀ ਦੀ ਜਾਨ ਦੀ ਰਾਖੀ ਲਈ, ਜਿਥੇ ਕੌਮਾਂਤਰੀ ਪੱਧਰ ਉਮਰ ਮਸਲੇ ਨੂੰ ਉਠਾ ਰਹੀ ਹੈ, ਉਥੇ ਉਸ ਨੇ ਰਸ਼ਦੀ ਦੀ ਰਾਖੀ ਲਈ, ਉਸ ਦੇ ਘਰ ਉਪਰ ਪੁਲਸ ਦਾ ਪਹਿਰਾ ਬੈਠਾ ਦਿੱਤਾ ਹੈ। ਸਰਕਾਰ ਦੇ ਇਸ ਕਦਮ ਨੂੰ ਤਸੱਲੀ ਨਾਲ ਨੋਟ ਕੀਤਾ ਜਾ ਰਿਹਾ ਹੈ।

ਈਰਾਨ ਸਰਕਾਰ ਦੇ ਪ੍ਰਧਾਨ ਨੇ, ਆਪਣੇ ਸਰਪਰਸਤ ਖੁਮੈਨੀ ਦੇ ਹੁਕਮਾਂ ਦੀ ਪਾਲਣਾ ਲਈ, ਰਸ਼ਦੀ ਨੂੰ ਕਤਲ ਕਰਨ ਲਈ ‘ਛੱਡੇ ਤੀਰ ਦੇ ਨਿਸ਼ਾਨੇ ਵੱਲ ਵੱਧਦੇ ਜਾਣ’ ਦੀ, ਸੂਚਨਾ ਸਾਰੇ ਸੰਸਾਰ ਨੂੰ ਦੇ ਦਿੱਤੀ ਹੈ। ਹੋ ਸਕਦਾ ਹੈ ਕਿ ਖੁਮੈਨੀ ਦੇ ਮਧਯੁੱਗੀ-ਫਤਵੇ ਨੂੰ ਅਮਲ ਵਿਚ ਲਿਆਉਣ ਲਈ ਕੋਈ ਜਾਂ ਕਈ ਜਨੂੰਨੀ, ਰਸ਼ਦੀ ਨੂੰ ਕਤਲ ਕਰਨ ਦੇ ‘ਪੁੰਨ ਕਰਮ’ ਕਰਨ ਲਈ ਸੱਚ ਮੁੱਚ ਹੀ ਹਰਕਤ ਵਿਚ ਹੋਣ।

ਵੀਹਵੀਂ ਸਦੀ ਦੇ ਅੰਤ ਉਪਰ ਵੀ ਅਜਿਹੇ ਫਤਵੇ ਜਾਰੀ ਹੋਣ ਦਾ ਕਾਰਨ, ਅਜੇ ਵੀ ਸੰਸਾਰ ਦੇ ਵੱਡੀ ਗਿਣਤੀ ਲੋਕਾਂ ਦਾ ਸੱਭਿਆਚਾਰਕ ਤੌਰ ਤੇ ਪਛੜੇ ਹੋਣਾ, ਅਣਪੜ੍ਹਤਾ, ਪੁਰਾਣੀਆਂ ਜਾਗੀਰੂ ਸਮਾਜੀ ਕਦਰਾਂ ਕੀਮਤਾਂ ਦੇ ਬਣੇ ਰਹਿਣਾ, ਧਾਰਮਿਕ ਰੂੜੀਵਾਦੀ ਜਕੜ ਦਾ ਕਾਇਮ ਰਹਿਣਾ, ਸੱਨਅਤ ਤੇ ਵਿਗਿਆਨ ਦੇ ਨਵੀਨ ਪ੍ਰਭਾਵਾਂ ਤੋਂ ਬਾਂਝੇ ਰਹਿਣਾ ਆਦਿ ਹੈ। ਤੀਜੀ ਦੁਨੀਆਂ ਦੇ ਪਛੜੇ ਦੇਸ਼ਾਂ ਵਿਚ, ਵੱਡੀ ਗਿਣਤੀ ਮੁਸਲਮ ਆਬਾਦੀ ਦੇ ਦੇਸ਼ਾਂ ਦੀ ਹੈ ਜੋ ਹੋਰਨਾਂ ਦੇਸ਼ਾਂ ਵਾਂਗ ਹੀ ਸਾਮਰਾਜੀ ਲੁੱਟ ਦਾ ਸਦੀਆਂ ਤੋਂ ਸ਼ਿਕਾਰ ਰਹੇ ਹਨ। ਇਨ੍ਹਾਂ ਦੇਸ਼ਾਂ ਦੇ ਲੋਕਾਂ ਨੂੰ ਸਮਾਜਿਕ - ਸਭਿਆਚਾਰਕ ਤੇ ਆਰਥਿਕ ਪਛੜੇਵੇਂ ਵਿਚ ਰੱਖਣ ਦੇ ਜ਼ਿੰਮੇਦਾਰ ਸਾਮਰਾਜੀਆਂ ਤੇ ਉਨ੍ਹਾਂ ਦੇ ਸਹਿਯੋਗੀ ਰਾਜੇ - ਰਜਵਾੜੇ ਅਤੇ ਧਰਮ ਆਦਾਰੀਆਂ ਹੀ ਸਨ।

**dhannu printing co. ltd.**

**ਧੰਨੂ ਪ੍ਰਿੰਟਿੰਗ ਕੰਪਨੀ ਲਿਮਿ:**

ਵਿਆਹ ਸ਼ਾਦੀਆਂ ਦੇ ਕਾਰਡ ਅਤੇ ਹਰ ਕਿਸਮ ਦੀ ਪ੍ਰਿੰਟਿੰਗ ਲਈ ਫ਼ੋਨ ਕਰੋ ਜਾਂ ਦਰਸ਼ਨ ਦਿਓ

ਭਾਰਤ ਤੋਂ ਆਏ ਨਵੇਂ ਨਵੇਂ ਡੀਜ਼ਾਈਨਾਂ ਅਤੇ ਰੰਗਾਂ ਵਿਚੋਂ ਆ ਕੇ ਆਪਣੀ ਮਨਪਸੰਦ ਦੇ ਕਾਰਡ ਪਸੰਦ ਕਰੋ

ਵਾਜਬ ਕੀਮਤਾਂ — ਵਧੀਆ ਕੁਆਲਿਟੀ

"FOR ALL YOUR PRINTING NEEDS"

Ph. Bus. 585-2004 Res. 585-7916

10281 - 133A St., SURREY, B.C. V3T 4A1

ਚੱਲ ਰਹੀ ਬਹਿਸ ਸਲਮਾਨ ਰੁਸ਼ਦੀ ਉਸ ਦੀ ਲਿਖਤ "ਸ਼ੈਤਾਨੀ ਆਇਤਾਂ", ਖੁਮੈਨੀ ਦਾ ਫਤਵਾ ਅਤੇ ਵਿਚਾਰ ਪ੍ਰਗਟ ਕਰਨ ਦੀ ਅਜ਼ਾਦੀ ਦੇ ਚਾਰ ਨੁਕਤਿਆਂ ਦੁਆਲੇ ਹੀ ਘੁੰਮ ਰਹੀ ਹੈ।

ਮੇਰੀ ਸਮਝ ਵਿਚ ਮਸਲੇਂ ਦੇ ਕੁਝ ਹੋਰ ਪੱਖ ਵੀ ਹਨ। ਇਨ੍ਹਾਂ ਵਿਚ ਲੇਖਕ ਵਲੋਂ ਆਪਣੇ ਵਿਸ਼ੇ ਦੀ ਚੋਣ ਮੁੱਖ ਹੈ। ਹਰ ਲੇਖਕ ਆਪਣੇ ਵਿਸ਼ੇ ਦੀ ਚੋਣ ਕਰਨ ਵੇਲੇ ਜ਼ਰੂਰ ਸੋਚਦਾ ਹੈ ਕਿ ਇਸ ਦਾ ਪਾਠਕਾਂ ਉਪਰ ਕੀ ਪ੍ਰਭਾਵ ਪਵੇਗਾ। ਉਹ ਕਦੇ ਵੀ ਇਸ ਮਹੱਤਵਪੂਰਨ ਪੱਖ ਨੂੰ ਅੱਖੋਂ ਉਹਲੇ ਕਰਕੇ ਨਹੀਂ ਲਿਖੇਗਾ। ਉਹ ਨਿਸਚੇ ਹੀ ਆਪਣੀ ਲਿਖਤ ਦੇ ਰੀਵੀਊ ਅਤੇ ਉਸ ਦੇ ਪਾਠਕਾਂ ਦੀ ਆਲੋਚਨਾਂ ਨੂੰ ਵੀ ਧਿਆਨ ਵਿਚ ਰੱਖੇਗਾ। ਇੱਕ ਛੋਟੀ ਜਿਹੀ ਗਿਣਤੀ ਅਜਿਹੇ ਲੇਖਕਾਂ ਦੀ ਵੀ ਹੈ ਜੋ ਇਸ ਗੱਲ ਨੂੰ ਧਿਆਨ ਵਿਚ ਰੱਖਣ ਤੋਂ ਬਿਨ੍ਹਾਂ ਵੀ ਕਿਸੇ ਲਿਖਤ ਨੂੰ ਲਿਖਣ ਵਾਲਿਆਂ ਦੀ ਹੈ। ਫਿਰ ਵੀ ਉਨ੍ਹਾਂ ਦੀਆਂ ਲਿਖਤਾਂ ਨੂੰ ਰੀਵੀਊ, ਅਲੋਚਨਾ ਅਤੇ ਪਾਠਕਾਂ ਦੇ ਪ੍ਰਤੀ ਕਰਮ ਦਾ ਸਾਹਮਣਾ ਕਰਨਾ ਹੀ ਪਵੇਗਾ।

ਅਜੋਕੇ ਪੰਜਾਬੀ ਸਾਹਿਤ ਦੇ ਅਲੋਚਕ ਸੁਰਜੀਤ ਗਿੱਲ ਨੇ ਆਪਣੀ ਪੁਸਤਕ 'ਮਾਰਕਸਵਾਦ ਅਤੇ ਸਾਹਿਤ' ਵਿਚ, ਸਾਹਿਤ ਅਤੇ ਸਾਹਿਤਕਾਰ ਸੰਬੰਧੀ ਲਿਖਿਆ ਹੈ :

'ਫਿਲਾਸਫੀ, ਅਰਥਸ਼ਾਸ਼ਤਰ ਤੇ ਰਾਜਨੀਤੀ ਵਾਂਗ ਸਾਹਿਤ ਵੀ ਸਦਾ ਹੀ ਜਮਾਤੀ ਸੋਚ ਦਾ ਪ੍ਰਗਟਾਵਾ, ਅਚੇਤ ਤੇ ਸੁਚੇਤ ਤੌਰ ਤੇ ਜਮਾਤੀ ਹਿੱਤਾਂ ਦੀ ਰਾਖੀ ਦਾ ਹਥਿਆਰ ਰਿਹਾ ਹੈ। ਹਾਕਮ ਜਮਾਤਾਂ ਨੇ ਵੱਖੋ ਵੱਖਰੇ ਨਾਹਰਿਆਂ ਰਾਹੀਂ ਸਦਾ ਹੀ ਸਾਹਿਤ ਨੂੰ ਜਮਾਤੀ ਹੱਥਿਆਰ ਵਜੋਂ ਵਰਤੇ ਜਾਣ ਤੋਂ ਰੋਕਣ ਤੇ ਆਪਣੀ ਸਥਾਪਤੀ ਨੂੰ ਕਾਇਮ ਰੱਖਣ ਲਈ ਭੁਲੇਖੇ ਪਾਉਣ ਦੇ ਯਤਨ ਕੀਤੇ ਹਨ। ਇਨ੍ਹਾਂ ਭੁਲੇਖਿਆਂ ਦਾ ਵਾਰ ਵਾਰ ਖੰਡਨ ਕਰਨ ਤੇ ਵੀ,ਮੁੜ ਮੁੜ ਅਤੇ ਨਵੇਂ ਨਵੇਂ ਰੂਪਾਂ ਵਿਚ ਪੇਸ਼ ਕੀਤੇ ਜਾਂਦੇ ਰਹੇ ਹਨ .....। ਸਾਹਿਤ ਜਮਾਤੀ ਹਥਿਆਰ ਵਜੋਂ ਵਰਤ ਸਕਣਾ ਜਿਥੇ ਹਾਕਮ ਜਮਾਤਾਂ ਲਈ ਸੌਖਾ ਹੈ, ਉਥੇ ਦੱਬੀਆਂ ਜਮਾਤਾਂ ਲਈ ਇਹ ਕੰਮ ਬਹੁਤ ਮੁਸ਼ਕਲ ਹੈ। ਜਿਥੇ ਹਾਕਮ ਜਮਾਤਾਂ ਕੋਲ ਵੱਧ ਸਾਧਨ ਤੇ ਵਸੀਲੇ ਹਨ, ਉਥੇ ਨਾਲ ਹੀ ਸਥਾਪਨਾਵਾਂ ਦੇ ਗਾਡੀਰਾਹ, ਫਿਲਾਸਫੀ, ਧਰਮ ਅਤੇ ਅਰਥ ਸ਼ਾਸ਼ਤਰ ਆਦਿ ਦੇ ਜਮਾਤੀ ਚੱਕਰ ਹੋਣ ਕਾਰਨ ਉਹ ਸਾਹਿਤ ਨੂੰ ਪ੍ਰਭਾਵਤ ਕਰਕੇ ਜਮਾਤੀ ਹਿਤ ਲਈ ਵਰਤਦੀਆ ਰਹੀਆਂ ਹਨ। (ਪੰਨਾ 18)

ਇਸ ਵਿਚਾਰ ਨੂੰ ਧਿਆਨ ਵਿਚ ਰਖੱਦਿਆਂ, ਰੁਸ਼ਦੀ ਦੇ ਨਾਵਲ ਸੰਬੰਧੀ ਕੁਝ ਸਵਾਲ ਪੈਦਾ ਹੋ ਰਹੇ ਹਨ: ਰੁਸ਼ਦੀ ਨੇ ਇਹ ਨਾਵਲ ਕਿਸ ਮੰਤਵ ਲਈ ਲਿਖਿਆ ? ਅਜੋਕੀ ਸਥਿਤੀ ਵਿਚ ਇਸ ਨਾਵਲ ਦੀ ਕਿਹੜੀ ਇਤਿਹਾਸਕ ਸਾਰਥਿਕਤਾ ਹੈ ? ਇਸ ਨਾਲ ਇਸਲਾਮ ਧਰਮ ਨੂੰ ਮੰਨਣ ਵਾਲੇ ਲੋਕਾਂ ਦਾ ਕੀ ਸੰਵਰਦਾ ਹੈ ? ਕੀ ਇਹ ਇਸਲਾਮ ਦੀਆਂ ਅਜੋਕਿਕ ਮਨਾਉਂਦਾ ਤੋਂ ਛੁਟਕਾਰਾ ਪਾਉਂਣ ਵਿਚ ਸਹਾਇਕ ਹੋ ਸਕਦਾ ਹੈ ਜਾਂ ਉਨ੍ਹਾਂ ਨੂੰ ਇਨ੍ਹਾਂ ਮਨਾਉਂਤਾ ਨਾਲ ਹੋਰ ਜੋੜਦਾ ਹੈ ? ਇਸ ਨਾਲ ਸਮੁੱਚੀ ਮਨੁੱਖਤਾ ਅਤੇ ਸੰਸਾਰ ਦੀ ਜਮਹੂਰੀ ਲਹਿਰ ਖਾਸ ਕਰਕੇ, ਮੁਸਲਮ ਦੇਸ਼ਾ ਵਿਚ ਦੀ ਕਮਜ਼ੋਰ ਜਮਹੂਰੀ ਲਹਿਰ ਨੂੰ ਕੀ ਲਾਭ ਪਹੁੰਚਦਾ ਹੈ? ਆਦਿ।

ਨਾਵਲ ਨੂੰ ਜੇ 'ਸੱਤਯਮ, ਸ਼ਿਵਮ, ਸੁੰਦਰਮ' ਦੇ ਸੂਤਰ ਅਨੁਸਾਰ ਪਰਖੀਏ ਤਾਂ ਇਹ 'ਕਲਿਆਣਕਾਰ' ਕਿਰਤ ਦੀ ਥਾਂ ਉਮਰ ਵਿਨਾਸ਼ਕਾਰੀ ਸਿੱਧ ਹੋ ਕੇ, ਲੇਖਕ ਦੀਆਂ ਆਪਣੀਆਂ 'ਸ਼ੈਤਾਨੀ ਆਇਤਾਂ' ਵਲੋਂ ਹੀ ਪ੍ਰਗਟ ਹੁੰਦੀ ਹੈ। ਇਹ ਇਕ ਪਾਸੇ ਰੁਸ਼ਦੀ ਵਲੋਂ ਸੰਸਾਰ ਪੱਧਰ ਉਤੇ ਸਾਮਰਾਜ ਦੀ ਸਿਧਾਂਤਕ ਸੇਵਾ ਹੈ ਦੂਜੇ ਪਾਸੇ ਖੁਮੈਨੀ ਤੇ ਹੋਰਨਾ ਦੇਸ਼ਾਂ ਵਿਚ ਜਮਹੂਰੀ ਲਹਿਰ ਦਾ ਗਲ ਘੁੱਟੀ ਬੈਠੇ ਇਸਲਾਮੀ ਡਿਕਟੇਟਰਾਂ ਨੂੰ ਮਜ਼ਬੂਤ ਕਰ ਰਿਹਾ ਹੈ। ਇਸ ਨਾਵਲ ਟੇਢੇ ਢੰਗ ਨਾਲ ਸੰਸਾਰ ਦੇ ਅਨਪੜ੍ਹ ਤੇ ਪਛੜੇ ਹੋਏ ਇਕ ਅਰਬ ਦੇ ਕਰੀਬ ਮੁਸਲਮ ਧਰਮ ਨੂੰ ਮਨਣ ਵਾਲੇ ਕਿਸਾਨਾ, ਮਜ਼ਦੂਰਾ, ਇਸਤਰੀਆਂ, ਅਤੇ ਹੋਰਨਾਂ ਗਰੀਬ ਲੋਕਾਂ ਨੂੰ ਅਨ੍ਹੇਰ ਵਿਰਤੀ ਦੀ ਗੁਫਾ ਵਿਚ ਬੰਦ ਰੱਖਣ ਲਈ ਹਾਕਮਾ ਦੀ ਸਹਾਇਤਾ ਕਰਦਾ ਸਿੱਧ ਹੋ ਰਿਹਾ ਹੈ।

ਵਿਸ਼ਾਲ ਗਿਣਤੀ ਵਿਚ ਮੁਸਲਮ ਲੋਕ ਇਸ ਯੋਗ ਨਹੀਂ ਹਨ ਕਿ 'ਸ਼ੈਤਾਨੀ ਆਇਤਾਂ' ਦੀ ਗੁੰਝਲਦਾਰ ਸੰਕੇਤਨ ਸ਼ਬਦਾਵਲੀ ਨੂੰ ਸਮਝ ਸਕਣ ਅਤੇ ਉਸ ਤੋਂ ਕਲਿਆਣਕਾਰੀ ਸੇਧ ਪ੍ਰਾਪਤ ਕਰ ਸਕਣ।

'ਸ਼ੈਤਾਨੀ ਆਇਤਾਂ' ਵਿਰੁਧ ਸੰਸਾਰ ਭਰ ਵਿਚ ਹੀ ਮੁਸਲਮ ਲੋਕਾਂ ਵਲੋਂ ਹੋਏ ਪ੍ਰਤੀਕਰਮ ਵਿਚ ਅਸੀਂ ਕੀ ਦੇਖ ਰਹੇ ਹਾਂ, ਕਿ ਮੁਸਲਮ ਦੇਸ਼ਾਂ ਦੇ ਤਾਨਾਸ਼ਾਹ ਤੇ ਹਾਕਮ ਰਜਵਾੜੇ, ਜੋ ਲੋਕਾਂ ਦੇ ਜਮਹੂਰੀ ਤੇ ਮਨੁੱਖੀ ਹੱਕਾਂ ਨੂੰ ਕੁਚਲ ਰਹੇ ਹਨ, 'ਸ਼ੈਤਾਨੀ ਆਇਤਾਂ' ਦੇ ਵਿਰੋਧ ਲਈ ਇਕੱਠੇ ਹੋ ਕੇ ਖੜੇ ਹਨ। ਲੋਕਾਂ ਨੂੰ ਹਾਕਮਾਂ ਦੇ ਜਬਰ ਜ਼ੁਲਮ ਜਿਵੇਂ ਭੁਲ ਹੀ ਗਏ ਹੋਣ। ਈਰਾਨ- ਇਰਾਕ ਜੰਗ ਵਿਚ ਲੱਖਾਂ ਨੂੰ ਮਰਵਾਉਂਦ ਵਾਲਾ ਅਤੇ ਜਮਹੂਰੀ ਲਹਿਰ ਦਾ ਘਾਣ ਕਰਨ ਵਾਲਾ ਖੁਮੈਨੀ, ਲੋਕਾਂ ਦੇ ਵਿਰੋਧ ਤੋਂ ਮੁਕਤ ਹੋ ਕੇ, ਫਿਰ 'ਰੱਬੀ ਫੁਰਮਾਨ' ਜਾਰੀ ਕਰਨ ਵਾਲਾ 'ਪੁਸ਼ਵਾ' ਬਣਕੇ ਸਾਹਮਣੇ ਆਇਆ ਹੈ। ਰੁਸ਼ਦੀ ਨੂੰ ਕਤਲ ਕਰਨ ਲਈ ਖੁਮੈਨੀ ਦਾ ਜਾਰੀ ਕੀਤਾ ਫਤਵਾ ਜਿਵੇਂ ਸੰਸਾਰ ਭਰਦੇ ਮੁਸਲਮਾਨਾ ਲਈ ਮੰਨਣਾ ਜ਼ਰੂਰੀ ਹੋ ਗਿਆ ਹੁੰਦਾ ਹੈ।

ਮੁਸਲਮ ਦੇਸ਼ਾਂ ਵਿਚ ਪਹਿਲਾਂ ਹੀ ਮਿਲੀ —ਕੁਚਲੀ ਜਮਹੂਰੀ ਲਹਿਰ ਨੂੰ ਜ਼ਿੰਦਾ ਰੱਖਣ ਵਾਲੇ ਮਰਦੇ ਮੁਜ਼ਾਹਦ, ਰੁਸ਼ਦੀ ਦੇ ਨਾਵਲ ਦੀ ਚਰਚਾ ਸਮੇਂ ਵਿਚਾਰਾਂ ਦੀ ਆਜ਼ਾਦੀ ਵੱਲ ਖਲੋਣ', ਜਾਂ ਕਰੋੜਾਂ ਹਮਵਤਨੀਆਂ ਦੀਆਂ ਵਲੋਂ ਧਰੀਆਂ ਗਈਆਂ ਧਾਰਮਿਕ ਭਾਵਨਾਵਾਂ ਨਾਲ ਖਲੋਣ ? ਉਨ੍ਹਾਂ ਲਈ ਇਹ ਸਮੱਸਿਆ ਰੁਸ਼ਦੀ ਦੀਆਂ 'ਸੈਤਾਨਿਕ ਆਇਤਾਂ' ਨੇ ਪੈਦਾ ਕਰ ਦਿਤੀ ਹੈ।

ਸਾਨੂੰ ਪੱਛਮੀ ਦੇਸ਼ਾਂ ਦੇ ਵਿਕਸਤ ਸੱਭਿਆਚਾਰਕ ਮਿਆਰਾਂ ਨੂੰ ਹੀ ਧਿਆਨ ਵਿਚ ਨਹੀਂ ਰੱਖਣਾ ਚਾਹੀਦਾ, ਸਾਨੂੰ ਸੰਸਾਰ ਦੇ ਮੁਸਲਮ ਦੇਸ਼ਾਂ ਤੇ ਅਤੇ ਪੱਛਮੀ ਦੇਸ਼ਾਂ ਵਿਚ ਰਹਿੰਦੇ ਆਵਾਸੀ ਮੁਸਲਮ ਲੋਕਾਂ ਦੇ ਅਵਿਕਸਤ ਸੱਭਿਆਚਾਰਕ ਮਿਆਰਾਂ ਨੂੰ ਵੀ ਧਿਆਨ ਵਿਚ ਰੱਖਣਾ ਚਾਹੀਦਾ ਹੈ। ਜਿੰਨ੍ਹਾਂ ਨੂੰ ਰੁਸ਼ਦੀ ਦੀਆਂ 'ਸ਼ੈਤਨੀ ਆਇਤਾਂ' ਕਾਰਨ ਪੈਦਾ ਹੋਏ ਸਕੰਟ ਨੇ, ਪਛੜੇ- ਪਨ ਨਾਲ ਨਰੜੇ ਰਹਿਣ ਤੇ ਮਜਬੂਰ ਕਰ ਦਿੱਤਾ ਹੈ।

ਰੁਸ਼ਦੀ ਦੀ ਰਚਨਾ ਦਾ ਸਮਰਥਨ ਕਰਨ ਵੇਲੇ ਅਤੇ ਰੁਸ਼ਦੀ ਦੀ 'ਵਿਚਾਰ ਪ੍ਰਗਟ ਕਰਨ ਦੀ ਆਜ਼ਾਦੀ' ਨੂੰ ਧਿਆਨ ਵਿਚ ਰੱਖਦਿਆਂ, ਇਹ ਨਹੀਂ ਭੁੱਲ ਜਾਣਾ ਚਾਹੀਦਾ ਕਿ ਰੁਸ਼ਦੀ ਦੀ ਲਿਖਤ ਕਾਰਨ ਕਰੋੜਾ ਮੁਸਲਮ-ਲੋਕ, ਧਰਮ ਦੇ ਦੂਨੀਆ ਨੁਸੀ ਵਿਚਾਰਾਂ ਦੀ ਗੁਲਾਮੀ ਦੇ ਸੰਗਲਾਂ ਨਾਲ ਸਮਵਾਂ ਕਸੇ ਗਏ ਹਨ। 'ਸ਼ੈਤਾਨੀ ਆਇਤਾਂ' ਸਾਮਰਾਜੀਆਂ ਅਤੇ ਮਜ਼ਬੂਤ ਹੋਣ ਦੀ ਲੋਕ - ਵਿਰੋਧੀ ਹਾਕਮਾਂ ਲਈ ਇਸ ਕਾਰਨ ਵਰਣਨ ਸਿੱਧ ਹੋ ਰਹੀਆਂ ਹਨ ਕਿ ਇਨ੍ਹਾਂ ਨਾਲ ਧਾਰਮਿਕ ਬੁਨਿਆਦ ਪ੍ਰਸਤੀ ਨੂੰ ਮਜ਼ਬੂਤ ਹੋਣ ਦੀ ਸ਼ਕਤੀ ਮਿਲੀ ਹੈ ਅਤੇ ਵਿਗਿਆਨਕ, ਜਮਹੂਰੀ ਅਤੇ ਸਮਾਜਵਾਦੀ ਵਿਚਾਰਾਂ ਦੀ, ਮੁਸਲਮ ਦੇਸ਼ਾਂ ਵਿਚ ਲਹਿਰ ਨੂੰ ਧੱਕਾ ਵੱਜਾ ਹੈ। 'ਸ਼ੈਤਾਨੀ ਆਇਤਾਂ' ਦਾ ਲਾਭ ਸਿਰਫ ਸ਼ਾਹੋ,ਸੁਲਤਾਨਾਂ, ਤਾਨਾਸ਼ਾਹਾ ਤੇ ਬੁਨਿਆਦ ਪ੍ਰਸਤ ਮੌਲਵੀਆਂ, ਮੌਲਾਣਿਆਂ ਨੂੰ ਹੀ ਹੋਇਆ ਹੈ ਜਿਨ੍ਹਾਂ ਲਈ ਭੋਲੇ ਭਾਲੇ ਵਿਚ ਅਨ੍ਹੇਰ ਵਿਹਤੀ ਵਿਚਾਰ ਹੋਰ ਪਕੇਰੇ ਹੋਣ ਨਾਲ, ਉਨ੍ਹਾਂ ਦੀ ਲੁੱਟ ਨੂੰ ਜਾਰੀ ਰੱਖਣਾ ਸੌਖਾ ਹੋ ਗਿਆ ਹੈ ਅਤੇ ਸਮਾਜੀ ਤੇ ਰਾਜਨੀਤਕ ਸਥਿਤੀ ਜਿਉਂ ਦੀ ਤਿਉਂ ਰੱਖਣ ਵਿਚ ਸਹਾਇਤਾ ਮਿਲੀ ਹੈ।

ਬਰਤਾਨਵੀ ਸਾਮਰਾਜੀਆਂ ਦੀ ਰੁਸ਼ਦੀ ਦੀ ਰੱਖਿਆ ਲਈ 'ਮਨੁੱਖੀ ਜਾਨ ਦੀ ਰਾਖੀ' ਦੇ ਨਾਂ ਉਪਰ ਕਾਵਾਂ ਰੌਲੀ, ਬਾਜਵ ਹੋਣ ਦੇ ਬਾਵਜੂਦ ਵੀ, ਸਾਮਰਾਜੀ ਹਿੱਤਾਂ ਦੇ ਹੱਕ ਵਿਚ ਇਕ ਮਕਾਰੀ ਭਰਿਆ ਤਰਕਸ਼ੀਲ ਰੌਲਾ ਹੈ।

ਸੰਸਾਰ ਦੀ ਅਜੋਕੀ ਅਸਾਵੀਂ ਸਭਿਆਚਾਰਕ ਵਿਕਾਸ ਦੀ ਸਥਿਤੀ ਨੂੰ ਧਿਆਨ ਗੋਚਰ ਰੱਖਦਿਆਂ, ਵਿਚਾਰ ਪ੍ਰਗਟ ਕਰਨ ਦੀ ਆਜ਼ਾਦੀ, ਵਿਕਸਤ ਸਭਿਆਚਾਰ ਦੇ ਚੌਖਟੇ ਦੇ ਅਮਲ ਵਿਚ ਹੀ ਸਮਝੀ ਜਾ ਸਕਦੀ ਹੈ। ਪਛੜੇ ਸੱਭਿਆਚਾਰਾਂ ਵਾਲੇ ਦੇਸ਼ਾਂ ਵਿਚ 'ਹਰ' ਵਿਚਾਰ ਨੂੰ ਪ੍ਰਗਟ ਕਰਨ ਲੱਗਿਆ, ਸਿਰ ਨੂੰ ਵਰਤਨਾ ਲਾਜ਼ਮੀ ਹੈ। ਜਿਵੇਂ ਅੰਗਰੇਜ਼ੀ ਫਿਲਮ 'ਲਾਸਟ ਟੈਪਟਸ਼ਿਨ ਆਫ ਦੀ ਕਰਾਈਸਟ' (ਈਸਾ ਦੀ ਅੰਤਮ ਪ੍ਰੀਖਿਆ) ਦੇ ਸੰਬੰਧ ਵਿਚ, ਕੈਨੇਡਾ - ਅਮਰੀਕਾ ਵਿਚ ਦੇਖਿਆ ਸੀ ਇਸ ਫਿਲਮ ਵਿਚ ਹਜ਼ਰਤ ਈਸਾ ਬਾਰੇ ਇਤਰਾਜ਼ ਯੋਗ ਮੱਲਾਂ ਵਿਰੁਧ ਮੁਜਾਹਰੇ ਹੋਏ, ਅਖਬਾਰਾਂ ਵਿਚ ਲੇਖ ਲਿਖੇ ਗਏ, ਰੇਡੀਓ ਉਪਰ ਬਹਿਸਾਂ ਹੋਈਆਂ ਪਰ ਨਾ ਤਾਂ ਕੋਈ ਸਿਨਮਾ ਹਾਲ ਸਾੜਿਆ ਗਿਆ, ਨਾ ਕਿਸੇ ਉਪਰ ਹਮਲਾ ਕੀਤਾ ਗਿਆ ਅਤੇ ਨਾ ਹੀ ਇਸ ਫਿਲਮ ਦੇ ਨਿਰਮਾਤਾ, ਨਿਰਦੇਸ਼ਕ ਆਦਿ ਨੂੰ ਕਤਲ ਕਰਨ ਦੀ ਧਮਕੀ ਹੀ ਦਿਤੀ ਗਈ ਜਿਵੇਂ ਰੁਸ਼ਦੀ ਦੇ ਨਾਵਲ ਦੇ ਸੰਬੰਧ ਵਿਚ ਹੈ। ਸਲਮਾਨ ਰੁਸ਼ਦੀ ਨੂੰ ਕਤਲ ਕਰਨ ਦੀ ਧਮਕੀ ਸਾਡੇ ਸਾਹਮਣੇ ਹੈ। ਇਸ ਲਈ ਸਾਨੂੰ ਵਿਚਾਰ ਪ੍ਰਗਟ ਕਰਨ ਦੀ ਆਜ਼ਾਦੀ 'ਦਾ ਸਮਰਥਨ ਕਰਨ ਵਾਲਿਆਂ ਨੂੰ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਹੱਕਾਂ ਦੇ ਨਾਲ ਦੂਜਿਆਂ ਦੇ ਅਕੀਦਿਆ ਦਾ ਸਨਮਾਨ ਕਰਨ ਦਾ ਫਰਜ਼ ਵੀ ਨਾਲ ਹੀ ਲਾਗੂ ਹੁੰਦਾ ਹੈ।

ਇਹ ਖੁਸ਼ੀ ਦੀ ਗੱਲ ਹੈ ਕਿ ਵਿਚਾਰ ਪ੍ਰਗਟ ਕਰਨ ਦੀ ਆਜਾਦੀ ਦੇ ਪੱਖ ਵਿਚ ਵੱਡੀ ਪੱਧਰ ਉਪਰ ਉਠੀ ਲਹਿਰ, ਤਾਨਾਸ਼ਾਹਾਂ ਵਲੋਂ ਮਨੁੱਖੀ ਆਜ਼ਾਦੀਆਂ ਦਾ ਗਲਾ ਘੁਟਨ ਵਿਰੁਧ , ਚਿਲੀ ਦੇ ਡਿਕਟੇਟਰ ਵਿਰੁਧ, ਬੋਲ ਕੱਢ ਸਕੇਗੀ। ਦਾ ਗਲਾ ਘੁਟਨ ਵਿਰੁਧ ਵੀ ਆਪਣਾ ਬੋਲ ਕੱਢ ਸਕੇਗੀ । ਆਉਦੀ ਸਾਮਰਾਜੀਆਂ ਦੀ ਧੱਕੋ ਸ਼ਾਹੀ ਵਿਰੁਧ, ਚਿਲੀ ਦੇ ਡਿਕਟੇਟਰ ਵਿਰੁਧ ਅਜਰਾਈਨ ਦੇ ਜਿਉਂਨਵਾਦੀ ਹਾਕਮਾਂ ਵਿਰੁਧ ਅਤੇ ਦੱਖਣੀ ਅਫਰੀਕਾ ਦੇ ਨਸਲੀ ਭੇਦ ਭਾਵ ਦੇ ਪ੍ਰਬੰਧ ਵਿਰੁਧ ਵੀ ਅਵਾਜ਼, ਕਾਸ਼! ਏਸੇ ਸ਼ਿਦੱਤ ਨਾਲ ਉਠੀਆਂ ਹੁੰਦੀਆਂ।

ਸਾਨੂੰ ਇਹ ਵੀ ਦੇਖਣਾ ਪਵੇਗਾ ਕਿ ਨਿਰੰਕਾਰੀਆਂ ਵਲੋਂ ਗੁਰਬਾਣੀ ਤੇ ਗੁਰੂ ਸਾਹਿਬਾਨ ਸੰਬੰਧੀ ਇਤਰਾਜ਼ ਯੋਗ ਲਿਖਤਾਂ ( ਜੋ ਉਨ੍ਹਾਂ ਵਾਪਸ ਲੈ ਲਈਆਂ ਹਨ ) ਵੀ, ਕੀ ਵਿਚਾਰ ਪ੍ਰਗਟ ਕਰਨ ਦੀ ਆਜ਼ਾਦੀ ਦੇ ਘੇਰੇ ਵਿਚ ਆਉਂਦੀਆਂ ਹਨ ? ਕਿ ਨਿਰੰਕਾਰੀ ਗੁਰੂ ਦਾ ਕਤਲ ਤੋਂ , ਹੋਰਨਾਂ ਨਿਰੰਕਾਰੀਆਂ ਦੇ ਕਤਲਾਂ, ਪੰਜਾਬ ਦੇ ਹੋਰਨਾਂ ਲੇਖਕਾ - ਪੱਤਰਕਾਰਾਂ ਦੇ ਕਤਲਾਂ ਤੋਂ ਸ਼ੁਰੂ ਹੋਕੇ, ਅੱਜ ਤੱਕ ਪੁੱਜੀ ਪੰਜਾਬ ਦੀ ਸਥਿਤੀ ਦਾ ਰੁਸ਼ਦੀ ਨੂੰ ਕਤਲ ਕਰਨ ਦੀ ਵੰਗਾਰ ਨਾਲ ਕੀ ਕੋਈ ਸੰਬੰਧ ਜੁੜਦਾ ਹੈ?

ਸਾਨੂੰ ਇਹ ਵੀ ਦੇਖਣਾ ਚਾਹੀਦਾ ਹੈ ਕਿ ਸਾਮਰਾਜੀ ਇੰਗਲੈਂਡ ਦੀ ਅਗਵਾਈ ਹੇਠ 'ਸ਼ੈਤਾਨੀ ਆਇਤਾਂ ' ਦੇਲੇਖਕ ਦੀ 'ਵਿਚਾਰ ਪ੍ਰਗਟ ਕਰਨ ਦੀ ਆਜ਼ਾਦੀ ' ਦੀ ਲਹਿਰ ਅਤੇ ਖੁਮੈਨੀ ਦੀ ਸਰਪਰਸਤੀ ਹੇਠ ਰੁਸ਼ਦੀ ਨੂੰ ਕਤਲ ਕਰਨ ਦਾ ਮਧਯੁਗੀ ਫਤਵਾ, ਦੋਵੇਂ ਅੰਤਮ ਰੂਪ ਵਿਚ ਕਿਧਰੋਂ ਇਕੋ ਜਮਾਤੀ ਹਿਤਾਂ ਤੇ ਮੰਤਵਾਂ ਦੀ ਪੂਰਤੀ ਤਾਂ ਨਹੀਂ ਕਰ ਰਹੇ ਹਨ ?

ਅੰਤ ਵਿਚ, ਪਹਿਲਾਂ ਦਿਤੇ ਹਵਾਲੇ ਵਿਚੋ ਸੁਰਜੀਤ ਗਿੱਲ ਦੇ ਸ਼ਬਦਾਂ ਨਾਲ ਸਮਾਪਤ ਕਰਦਾ ਹਾਂ, ਜਿਸ ਵਿਚ ਉਨ੍ਹਾਂ ਲੇਖਕਾਂ ਨੂੰ ਨਰਮਾਣ ਗਏ ਦਿਦਿਆਂ ਲਿਖਿਆ ਹੈ !

"......ਸਾਹਿਤਕਾਰ ਨੂੰ , ਜਿਹੜਾ ਲੋਕ ਪੱਖ ਵਿਚ ਖੜਨ ਦੀ ਗੱਲ ਕਰਦਾ ਹੈ, ਮੁਖ ਤੌਰ ਤੇ ਕਿਸਾਨੀ ਦੀਆਂ ਸਾਰੀਆਂ ਤੈਹਾ, ਪੇਂਡੂ ਗਰੀਬਾਂ, ਹਰੀਜਨਾ, ਤੇ ਇਸਤਰੀਆਂ ਦੇ ਪਛੜੇਵੇਂ ਨੂੰ ਆਪਣੀ ਰਚਨਾ ਦਾ ਵਿਸ਼ਾ ਬਣਾਉਣਾ ਚਾਹੀਦਾ ਹੈ।

"ਇਨ੍ਹਾਂ ਵੱਲ ਮੂੰਹ ਕਰਦਿਆਂ ਇਨ੍ਹਾਂ ਜਮਾਤਾਂ ਦੇ ਆਰਥਿਕ, ਰਾਜਸੀ ਤੇ ਸਮਾਜਕ ਪਛੜੇਵੇਂ ਦੇ ਪੱਧਰ ਨੂੰ ਮੁੱਖ ਰੱਖਣਾ ਜ਼ਰੂਰੀ ਹੈ। ਇਹਨਾਂ ਜਮਾਤਾਂ ਨੂੰ ਵਿਰਸੇ ਵਿਚ ਮਿਲੇ ਅਕੀਦੇ ਦੇ ਵਿਸ਼ਵਾਸ਼ਾਂ ਤੇ ਉਹਨਾਂ ਦੀ ਜਕੜ ਨੂੰ ਸਮਝਣਾ, ਚੌਕਸੀ ਤੇ ਠਰੰਮੇਂ ਨਾਲ ਇਹਨਾਂ ਨੂੰ ਫਰੋਲਣਾ ਤੇ ਗੇੜੇ ਦਾਉ ਲਾਹੁਣਾ ਚਾਹੀਦਾ ਹੈ। ਇਸ ਗੱਲ ਦਾ ਖਿਆਲ ਰੱਖਣਾ ਹੈ ਅਨਾੜੀ ਵਾਂਗ ਝਰੀਟਿਆ ਨਾ ਜਾਵੇ। ਜ਼ਰਾਹ ਵਾਂਗ ਲਿਆ ਹੈ। ਜਦੋਂ ਕਿ ਉਸ ਨੇ ਸਭ ਕੁਝ ਪੂਰੀ ਚੇਤਨਤਾ ਨਾਲ ਤੇ ਮਿਹਨਤ ਲਾਕੇ ਲਿਖਿਆ ਹੈ। ਫਿਰ ਵੀ ਕੋਈ ਕਾਰਨ ਨਹੀਂ ਹੈ ਕਿ ਵਿਚਾਰ ਪ੍ਰਗਟ ਕਰਨ ਦੀ ਆਜ਼ਾਦੀ ਦੇ ਜਮਹੂਰੀ ਅਸੂਲ ਦੇ ਸਿਰ ਉਤੇ ਬੁਨਿਆਦ ਪ੍ਰਸਤੀ ਦੀ ਤਲਵਾਰ ਨੂੰ ਨਾ ਭੰਡਿਆ ਜਾਵੇ। ਭਾਵੇਂ ਕਿ 'ਸ਼ੈਤਾਨੀ ਆਇਤਾਂ' ਦੇ ਲੇਖਕ ਵਾਂਗ ਪ੍ਰਚਲਤ ਧਰਮਾਂ ਦੀਆਂ ਰਸਮਾਂ , ਰਵਾਇਤਾਂ ਨੂੰ ਭੰਡਣ ਦੇ ਢੰਗ ਨਾਲ ਅਸਹਿਮਤ ਹਾਂ। ਅਤੇ ਸੰਸਾਰ ਭਰ ਵਿਚ ਧਾਰਮਿਕ ਬੁਨਿਆਦ ਪ੍ਰਸਤੀ ਦੇ ਵੱਡੇ ਆਗੂ ਖੁਮੈਨੀ ਦੇ ਫਤਵੇਂ ਦਾ ਵਿਰੋਧ ਕਰਨਾ ਹਰ ਜਮਹੂਰੀ ਵਿਚਾਰ ਦੇ ਵਿਅਕਤੀ ਦਾ ਫਰਜ਼ ਹੈ।

## ਗੀਤ

—ਦਰਸ਼ਨ ਸਿੰਘ ਮਾਸਟਰ

ਬੜਾ ਗਜ਼ਬ ਹੋਇਆ ਬੜਾ ਜ਼ੁਲਮ ਹੋਇਆ...

ਮਨੁੱਖੀ ਬਲੀ ਦਾ ਜ਼ਮਾਨਾ ਬਦੀ ਸੀ
ਪਸ਼ੂ ਬਿਰਤੀਆਂ ਦੀ ਉਹ ਸ਼ਾਇਦ ਸਦੀ ਸੀ
ਵੀਹਵੀਂ ਸਦੀ ਹੁਣ ਤੇ ਮੁੱਕਣ ਤੇ ਆਈ
ਇਨਸਾਨ ਫਿਰ ਵੀ ਬੁਰੀ ਮੌਤ ਮੋਰਿਆ...

ਇਹ ਗਿਆਨ ਦਾ ਯੁਗ ਪਲਾਂਘੀ ਉੜ ਨਾ
ਅੰਧਕਾਰ ਦਾ [illegible] ਫਿਰ ਵੀ ਟਿਕ ਨਾ
ਹਵਾਵਾਂ 'ਚ ਹੌਕੇ ਫਜ਼ਾਵਾਂ 'ਚ ਹੌਕੇ
ਅੱਖਾਂ ਚੋਂ ਵੀ ਏ ਨਿਰਾ ਖੂਨ ਚੋਇਆ...

ਇਹ ਮਜ਼ਹਬ ਸਿਆਸਤ ਦਾ ਸਾਂਝਾ ਤਮਾਸ਼ਾ
ਇਹ ਭਾਸ਼ਨ ਬਰੂਦੀ ਇਹ ਗੋਲੀ ਦੀ ਭਾਸ਼ਾ
ਕਿ ਬੁੱਕਲ 'ਚ ਮੂੰਹ ਪਾਕੇ ਅਖਲਾਕ ਰੋਇਆ
ਬੜਾ ਗਜ਼ਬ ਹੋਇਆ ਬੜਾ ਜ਼ੁਲਮ ਹੋਇਆ...


# FLAG

CHEVROLET OLDSMOBILE LTD.

**15250 - 104th. AVENUE, SURREY, B.C.**
**CANADA V3R 6N8**

ਨਵੀਂ ਕਾਰ ਲੈਣ ਦੀ ਸੋਚ ਰਹੇ ਹੋ, ਤਾਂ ਹੋਰ ਬਹੁਤ ਦੇਰ ਇੰਤਜ਼ਾਰ ਕਰਨ ਦੀ ਲੋੜ ਨਹੀਂ ਹੈ। ਆਪਣੇ ਇਲਾਕੇ ਵਿਚੋਂ ਸਭ ਤੋਂ ਸਸਤੀ ਕੀਮਤ ਅਤੇ ਹੋਰ

**TEL. (604)584-7411**

**OR 645-3597 (Pager)**

ਹਰ ਪ੍ਰਕਾਰ ਦੀਆਂ ਪੁਰਾਣੀਆਂ ਕਾਰਾਂ ਬੇਸ਼ੁਮਾਰ ਗਿਣਤੀ ਵਿਚ ਪੁੱਜ ਗਈਆਂ ਹਨ।
ਤੁਹਾਡੀ ਪਸੰਦ ਦੀ ਵਧੀਆ ਕਾਰ ਤੁਹਾਡੇ ਮਨ ਦੀ ਕੀਮਤ ਅਨੁਸਾਰ ਵੀ ਮਿਲ ਸਕਦੀ ਹੈ। ਮੌਕੇ ਤੋਂ ਲਾਭ ਉਠਾਓ। ਅਸੀਂ ਸੇਵਾ ਲਈ ਹਾਜ਼ਰ ਹਾਂ।



**TOP SALESMAN AWARD**
**WINNER 1987**

(ਸਫਾ [illegible] ਦੀ ਬਾਕੀ)

ਜੋਧਪੁਰ ਦੇ ਨਿਰਦੋਸ਼ ਨਜ਼ਰਬੰਦਾਂ ਦੀ ਰਿਹਾਈ ਦਾ ਮਾਮਲਾ ਵੀ ਕਈ ਸਾਲ ਲਟਕਾਈ ਰਖਿਆ ਅਤੇ ਹੁਣ ਆ ਕੇ ਇਸ ਦਾ ਕੋਈ ਮੁਕੰਮਲ ਨਬੇੜਾ ਕੀਤਾ ਗਿਆ ਹੈ ।

ਦੇਸ਼ ਦੀਆਂ ਖੱਬੀਆਂ ਪਾਰਟੀਆਂ ਜਿਥੇ ਅਰੰਭ ਤੋਂ ਹੀ ਇਸ ਗੱਲ ਤੇ ਜ਼ੋਰ ਦੇਂਦੀਆਂ ਚਲੀਆਂ ਆ ਰਹੀਆਂ ਹਨ ਕਿ ਕੇਂਦਰ ਪੰਜਾਬ ਮਸਲੇ ਦੇ ਸਿਆਸੀ ਹੱਲ ਨੂੰ ਨਾ ਲਟਕਾਏ ਅਤੇ ਪੰਜਾਬ ਸਮਝੌਤੇ ਦੀ ਸੇਧ ਵਿਚ ਇਸਦਾ ਨਬੇੜਾ ਕੀਤਾ ਜਾਵੇ ਉਥੇ ਇਹਨਾਂ ਵਲੋਂ ਪੰਜਾਬ ਦੀ ਲਗਾਤਾਰ ਵਿਗੜਦੀ ਸਥਿਤੀ ਉਤੇ ਚਿੰਤਾ ਵੀ ਪ੍ਰਗਟਾਈ ਜਾ ਰਹੀ ਹੈ ।

ਕੋਈ ਵੀ ਦਿਨ ਅਜਿਹਾ ਨਹੀਂ ਗੁਜ਼ਰਦਾ ਜਦੋਂ ਕਿ ਅੱਤਵਾਦੀ ਤੱਤ ਬੇ-ਗੁਨਾਹ ਲੋਕਾਂ ਦੇ ਵੱਡੀ ਗਿਣਤੀ ਵਿਚ ਕਤਲ ਨਾ ਕਰਦੇ ਹੋਣ । ਅੱਤਵਾਦੀ ਤੱਤ ਆਮ ਹੀ ਨਵੀਨ ਹਥਿਆਰ ਲਈ ਵਿਰਦੇ ਹਨ ਅਤੇ ਸਰਹੱਦੀ ਜ਼ਿਲਿਆਂ ਵਿਚ ਤਾਂ ਉਹਨਾਂ ਦੀ ਹੀ ਇਕ ਤਰਾਂ ਨਾਲ ਹਕੂਮਤ ਹੈ । ਇਸ ਤੋਂ ਬਿਨਾਂ ਹਾਲਾਤ ਦਾ ਇਕ ਹੋਰ ਮਾੜਾ ਪਹਿਲੂ ਇਹ ਹੈ ਕਿ ਪੁਲਸ ਵਧੀਕੀਆਂ ਦੀਆਂ ਵੀ ਕਈ ਘਟਨਾਵਾਂ ਹੋ ਰਹੀਆਂ ਹਨ ।

ਪਿਛੇ ਜਿਹੇ ਪਰਧਾਨ ਮੰਤਰੀ ਰਾਜੀਵ ਗਾਂਧੀ ਨੇ ਪੰਜਾਬ ਬਾਰੇ ਕੁਝ ਕਦਮਾਂ ਦਾ ਐਲਾਨ ਕੀਤਾ ਸੀ । ਭਾਵੇਂ ਇਹਨਾਂ ਕਦਮਾਂ ਦਾ ਆਮ ਕਰਕੇ ਸੁਆਗਤ ਹੀ ਹੋਇਆ ਹੈ ਪਰ ਇਹ ਹਾਲਾਤ ਦਾ ਟਾਕਰਾ ਕਰਨ ਲਈ ਕਾਫੀ ਨਹੀਂ ਹਨ ।

ਪਰਧਾਨ ਮੰਤਰੀ ਨੇ ਪੰਜਾਬ ਬਾਰੇ ਕੀਤੇ ਗਏ ਐਲਾਨ ਵਿਚ ਇਸ ਸਬੰਧ ਵਿਚ ਸੰਤੁਸ਼ਟਤਾ ਪਰਗਟਾਈ ਗਈ ਹੈ ਕਿ ਅੱਤਵਾਦ ਉਤੇ ਲਗ ਪੱਗ ਕਾਬੂ ਪਾ ਲਿਆ ਗਿਆ ਹੈ ।

ਕੇਂਦਰੀ ਸਰਕਾਰ ਉਤੇ ਖੱਬੀਆਂ ਪਾਰਟੀਆਂ ਅਤੇ ਹੋਰ ਹਲਕਿਆਂ ਵੱਲੋਂ ਲਗਾਤਾਰ ਇਹ ਦਬਾਅ ਪੈਂਦਾ ਚਲਾ ਆ ਰਿਹਾ ਹੈ ਕਿ ਉਹ ਪੰਜਾਬ ਮਸਲੇ ਦਾ ਕੋਈ ਸਿਆਸੀ ਹੱਲ ਲਭੇ ਪਰ ਇਸ ਸਬੰਧ ਵਿਚ ਸਰਕਾਰ ਲਗਾਤਾਰ ਖਾਮੋਸ਼ ਰਹੀ ਹੈ ਅਤੇ ਮਸਲ ਨੂੰ ਸਾਧਾਰਨ ਜੇਹੀ ਗੱਲ ਸਮਝਦਿਆਂ ਹੋਇਆਂ ਕੇਵਲ ਪਰ-ਬੰਧਕੀ ਕਦਮਾਂ ਉਤੇ ਹੀ ਟੇਕ ਰਖਦੀ ਚਲੀ ਆ ਰਹੀ ਹੈ ।

ਕੇਂਦਰੀ ਸਰਕਾਰ ਨੇ ਪੰਜਾਬ ਮਸਲੇ ਦੇ ਹੱਲ ਲਈ ਕੋਈ ਪੰਜ ਕੁ ਮਹੀਨੇ ਪਹਿਲਾਂ ਜਿਹੜੀ ਕੈਬਨਿਟ ਸਬ-ਕਮੇਟੀ ਬਣਾਈ ਸੀ ਉਹ ਹਾਲੇ ਤਕ ਵੀ ਅਪੋ-ਜੀਸ਼ਨ ਪਾਰਟੀਆਂ ਨਾਲ ਸੰਪਰਕ ਕਾਇਮ ਨਹੀਂ ਕਰ ਸਕੀ ਜਦ ਕਿ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨੇ ਪਿਛਲੇ ਸਾਲ ਸਤੰਬਰ ਮਹੀਨੇ ਵਿਚ ਆਪਣੀ ਪੰਜਾਬ ਫੇਰੀ ਸਮੇਂ ਬੜੇ ਜੋਸ਼ ਨਾਲ ਇਹ ਐਲਾਨ ਕੀਤਾ ਸੀ ਕਿ ਉਹ ਦਿੱਲੀ ਜਾਣ ਸਾਰ ਹੀ ਅਪੋਜੀਸ਼ਨ ਪਾਰਟੀਆਂ ਦੀ ਮੀਟਿੰਗ ਬੁਲਾਉਣਗੇ ਅਤੇ ਮਸਲੇ ਦਾ ਹੱਲ ਲਭਣ ਲਈ ਯਤਨ ਕਰਨਗੇ । ਉਦੋਂ ਜਾਪਦਾ ਇਹ ਸੀ ਕਿ ਮਸਲਾ ਛੇਤੀ ਨਬੜ ਜਾਵੇਗਾ ਪਰ ਲੰਮਾਂ ਸਮਾਂ ਬੀਤ ਜਾਣ ਪਿਛੋਂ ਕੇਵਲ ਪੰਜਾਬ ਪੈਕੇਜ ਹੀ ਸਾਹਮਣੇ ਆਇਆ ਜਿਸ ਦਾ ਐਲਾਨ ਪਰਧਾਨ ਮੰਤਰੀ ਨੇ ਪਾਰਲੀਮੈਂਟ ਵਿਚ ਕੀਤਾ ।

ਪੰਜਾਬ ਦਾ ਮਸਲਾ ਇਕ ਬੜਾ ਹੀ ਗੰਭੀਰ ਮਸਲਾ ਹੈ ਅਤੇ ਜਿਸ ਢੰਗ ਨਾਲ ਸਾਮਰਾਜੀ ਸ਼ਕਤੀਆਂ ਦਖਲ-ਅੰਦਾਜ਼ੀ ਕਰ ਰਹੀਆਂ ਹਨ ਉਸ ਸਭ ਨੂੰ ਮੁਖ ਰੱਖਦਿਆਂ ਇਹ ਮਸਲਾ ਇਕ ਕੌਮੀ ਮਸਲਾ ਹੈ ।

ਪੰਜਾਬ ਵਿਚ ਅੱਤਵਾਦੀ-ਵੱਖਵਾਦੀ ਲਹਿਰ ਦੇ ਜਾਰੀ ਰਹਿਣ ਨਾਲ ਦੇਸ ਦੀ ਏਕਤਾ ਅਖੰਡਤਾ ਨੂੰ ਵੀ ਖਤਰੇ ਵਧ ਰਹੇ ਹਨ ।

ਉਪਰੋਕਤ ਸਾਰੇ ਹੀ ਪਹਿਲੂਆਂ ਨੂੰ ਮੁਖ ਰਖਦਿਆਂ ਦੇਸ਼ ਦੀਆਂ ਚਾਰ ਖੱਬੀਆਂ ਪਾਰਟੀਆਂ—ਸੀ. ਪੀ. ਆਈ (ਐਮ), ਸੀ. ਪੀ. ਆਈ, ਫਾਰਵਰਡ ਬਲਾਕ ਅਤੇ ਆਰ. ਐਸ. ਪੀ ਨੇ ਪੰਜਾਬ ਮਸਲੇ ਦੇ ਫੌਰੀ ਸਿਆਸੀ ਹੱਲ ਦੀ ਮੰਗ ਨੂੰ ਲੈ ਕੇ 29 ਮਾਰਚ ਨੂੰ ਬੋਟ ਕਲਬ ਵਿਖੇ ਵਿਸ਼ਾਲ ਧਰਨਾ ਦੇਣ ਦਾ ਫੈਸਲਾ ਕੀਤਾ ਹੈ । ਇਸ ਧਰਨੇ ਵਿਚ ਖੱਬੀਆਂ ਪਾਰਟੀਆਂ ਦੇ ਪਾਰਲੀਮੈਂਟ ਮੈਂਬਰ ਅਤੇ ਵਰਕਰ ਸ਼ਾਮਲ ਹੋਣਗੇ ।

ਇਹ ਵਿਸ਼ਾਲ ਧਰਨਾ ਕੇਂਦਰ ਦੀ ਪੰਜਾਬ ਬਾਰੇ ਦੀਵਾਲੀਆ ਨੀਤੀ ਨੂੰ ਭੰਡਣ ਦੇ ਨਾਲ ਨਾਲ ਇਸ ਨੀਤੀ ਵਿਰੁਧ ਰੋਸ ਤੇ ਰੋਹ ਦਾ ਵੀ ਪ੍ਰਤੀਕ ਹੋਵੇਗਾ ।

ਅਸੀਂ ਜਿਥੇ ਖੱਬੀਆਂ ਪਾਰਟੀਆਂ ਦੇ ਇਸ ਐਕਸ਼ਨ ਦੀ ਹਰ ਪੱਖ ਤੋਂ ਸਫਲਤਾ ਦੀ ਕਾਮਨਾ ਕਰਦੇ ਹਾਂ ਓਥੇ ਨਾਲ ਹੀ ਕੇਂਦਰੀ ਸਰਕਾਰ ਉਤੇ ਇਸ ਗੱਲ ਲਈ ਜ਼ੋਰ ਦੇਂਦੇ ਹਾਂ ਕਿ ਉਹ ਪੰਜਾਬ ਨੂੰ ਹੋਰ ਤਬਾਹ ਹੋਣ ਤੋਂ ਰੋਕਣ ਲਈ ਅਤੇ ਪੰਜਾਬ ਦੀ ਹਾਲਤ ਨੂੰ ਚੰਗੇ ਪਾਸੇ ਵੱਲ ਮੋੜਾ ਦੇਣ ਲਈ ਪੰਜਾਬ ਮਸਲੇ ਦਾ ਫੌਰੀ ਕੋਈ ਹੱਲ ਲੱਭੇ ਅਤੇ ਪੰਜਾਬ ਸਮਝੌਤੇ ਦੀ ਸੇਧ ਵਿਚ ਅੱਗੇ ਵਧਦਿਆਂ ਛੇਤੀ ਕੋਈ ਨਿਪਟਾਰਾ ਹੋਵੇ । ਏਸੇ ਵਿਚ ਹੀ ਪੰਜਾਬ ਦਾ ਭਲਾ ਹੈ, ਦੇਸ਼ ਦਾ ਭਲਾ ਹੈ ।

ਕੀ ਕੇਂਦਰੀ ਸਰਕਾਰ ਪੰਜਾਬ ਬਾਰੇ ਆਪਣੀ ਮੌਕਾਪ੍ਰਸਤ ਦੀਵਾਲੀਆ ਨੀਤੀ ਛੱਡੇਗੀ ?

ਕੀ ਪੰਜਾਬ ਨੂੰ ਕਿਸੇ ਹੋਰ ਨਿਸ਼ਾਨੇ ਦੀ ਪੂਰਤੀ ਲਈ ਵਰਤਣ ਦੀਆਂ ਵਿਉਂਤਾਂ ਬਣਾ ਰਖੀਆਂ ਹਨ ?

ਪੰਜਾਬ ਬਾਰੇ ਗੱਲ ਕਰਦਿਆਂ ਉਪਰੋਕਤ ਸਵਾਲ ਨੇਜ਼ੇ ਵਾਂਗ ਸਾਹਮਣੇ ਖੜੇ ਵਖਾਈ ਦੇ ਰਹੇ ਹਨ ।

# ਭਗਤ ਸਿੰਘ ਦਾ ਫਾਂਸੀ ਦੇ ਤਖਤੇ ਤੋਂ ਨੌਜਵਾਨਾਂ ਨੂੰ ਸੰਦੇਸ਼

(ਸ਼ਹੀਦ ਭਗਤ ਸਿੰਘ ਨੇ ਫਾਂਸੀ ਦਾ ਰੱਸਾ ਚੁੰਮਣ ਤੋਂ ਕੇਵਲ 49 ਦਿਨ ਪਹਿਲਾਂ ਨੌਜਵਾਨ ਰਾਜਸੀ ਵਰਕਰਾਂ ਦੇ ਨਾਂ ਇਕ ਪੱਤਰ ਲਿਖਿਆ ਸੀ ਜਿਸ ਵਿਚ ਉਹਨਾਂ ਦੇ ਮਾਰਕਸਵਾਦ ਵੱਲ ਸਫਰ ਦਾ, ਵਿਅਕਤੀਗਤ ਕਾਰਵਾਈ ਤੋਂ ਸਮੂਹਕ ਕਾਰਵਾਈ ਦਾ ਧਾਰਨੀ ਬਣਨ ਦੀ ਪ੍ਰਕ੍ਰਿਆ ਦਾ ਪੂਰਾ ਪਰਗਟਾਵਾ ਹੁੰਦਾ ਹੈ । ਇਹ ਅਣ-ਛਪਿਆ ਪੱਤਰ ਪੂਰਾ ਅਸੀਂ ਪਿਛਲੇ ਸਾਲ ਸ਼ਹੀਦ ਭਗਤ ਸਿੰਘ ਅੰਕ ਵਿਚ ਛਾਪਿਆ ਸੀ, ਇਸ ਵਾਰ ਉਸ ਵਿਚੋਂ ਉਸਦੇ ਕੁਝ ਭਾਗ ਛਾਪ ਰਹੇ ਹਾਂ :—ਸੰਪਾਦਕ)

ਫਿਰ ਵੀ, ਅਸੀਂ ਉਹਨਾਂ ਸ਼ਕਤੀਆਂ ਬਾਰੇ ਵਿਚਾਰ ਕਰ ਰਹੇ ਹਾਂ ਜਿਨਾਂ ਤੇ ਤੁਸੀਂ ਇਨਕਲਾਬ ਵਾਸਤੇ ਨਿਰਭਰ ਕਰ ਸਕਦੇ ਹੋ । ਐਪਰ ਜੇ ਤੁਸੀਂ ਕਹਿੰਦੇ ਹੋ ਕਿ ਤੁਸੀਂ ਕਿਸਾਨਾਂ ਅਤੇ ਮਜ਼ਦੂਰਾਂ ਨੂੰ ਉਹਨਾਂ ਦੀ ਸਰਗਰਮ ਹਮਾਇਤ ਪਰਾਪਤ ਕਰਨ ਵਾਸਤੇ ਪਹੁੰਚ ਕਰੋਗੇ । ਮੈਂ ਤੁਹਾਨੂੰ ਦਸਣਾ ਚਾਹਾਂਗਾ ਕਿ ਉਹਨਾਂ ਨੂੰ ਕਿਸੇ ਜਜ਼ਬਾਤੀ ਗਲਬਾਤ ਨਾਲ ਬੁਧੂ ਨਹੀਂ ਬਣਾਇਆ ਜਾ ਸਕਦਾ । ਉਹ ਤੁਹਾਨੂੰ ਬਿਲਕੁਲ ਸਾਫ ਸਾਫ ਪੁਛਦੇ ਹਨ, ਤੁਹਾਡੇ ਇਨਕਲਾਬ ਤੋਂ, ਜਿਸ ਵਾਸਤੇ ਤੁਸੀਂ ਉਹਨਾਂ ਦੀਆਂ ਕੁਰਬਾਨੀਆਂ ਦੀ ਮੰਗ ਕਰਦੇ ਹੋ । ਉਹਨਾਂ ਨੂੰ ਕੀ ਹਾਸਲ ਹੋਵੇਗਾ ਇਸਦਾ ਉਹਨਾਂ ਲਈ ਕੀ ਫਰਕ ਹੋਵੇਗਾ ਜੇ ਭਾਰਤ ਸਰਕਾਰ ਦਾ ਮੁਖੀ ਲਾਰਡ ਰੀਡਿੰਗ ਹੈ ਜਾਂ ਸਰ ਪਰਸ਼ੋਤਮ ਦਾਸ, ਠਾਕਰ ਦਾਸ ? ਕਿਸਾਨ ਲਈ ਕੀ ਫਰਕ ਹੋਵੇਗਾ ਜੇ ਲਾਰਡ ਇਰਵਨ ਦੀ ਥਾਂ ਸਰ ਤੇਜ ਬਹਾਦਰ ਸਪਰੂ ਲੈ ਲੈਂਦਾ ਹੈ । ਉਸਦੇ ਰਾਸ਼ਟਰੀ ਜਜ਼ਬਾਤ ਨੂੰ ਅਪੀਲ ਕਰਨਾ ਬੇਅਰਥ ਹੈ । ਤੁਸੀਂ ਉਸ ਨੂੰ ਆਪਣੇ ਉਦੇਸ਼ ਲਈ 'ਵਰਤ' ਨਹੀਂ ਸਕਦੇ । ਤੁਹਾਨੂੰ ਉਹਨੂੰ ਸੰਜੀਦਗੀ ਦਸਣੀ ਹੋਵੇਗੀ ਅਤੇ ਉਸ ਨੂੰ ਇਹ ਸਮਝ ਉਣਾ ਹੋਵੇਗਾ ਕਿ ਇਹ ਇਨਕਲਾਬ ਉਸਦਾ ਆਪਣਾ ਹੈ ਅਤੇ ਉਸ ਦੇ ਭਲੇ ਲਈ ਹੈ । ਪਰੋਲਤਾਰੀ ਦਾ ਇਨਕਲਾਬ ਅਤੇ ਪਰੋਲਤਾਰੀ ਲਈ ਇਨਕਲਾਬ ।

ਜਦੋਂ ਤੁਸੀਂ ਆਪਣੇ ਨਿਸ਼ਾਨਿਆਂ ਬਾਰੇ ਸਪੱਸ਼ਟ ਵਿਚਾਰ ਸੂਤਰਬਧ ਕਰ ਲਿਆ ਹੋਵੇਗਾ, ਤੁਸੀਂ ਅਜਿਹੇ ਐਕਸ਼ਨ ਵਾਸਤੇ ਆਪਣੀਆਂ ਸ਼ਕਤੀਆਂ ਨੂੰ ਜਥੇਬੰਦ ਕਰਨ ਖਲ ਪੂਰੀ ਤਤਪਰਤਾ ਨਾਲ ਵਧ ਸਕੋਗੇ । ਹੁਣ ਤੁਹਾਨੂੰ ਦੋ ਭਿੰਨ ਭਿੰਨ ਪੜਾਵਾਂ ਰਾਹੀਂ ਗੁਜ਼ਰਣਾ ਹੋਵੇਗਾ, ਪਹਿਲਾ ਤਿਆਰੀ, ਦੂਜਾ ਐਕਸ਼ਨ ।

ਮੌਜੂਦਾ ਲਹਿਰ ਦੇ ਮੁਕਣ ਪਿਛੋਂ, ਤੁਹਾਨੂੰ ਇਮਾਨਦਾਰ ਇਨਕਲਾਬੀ ਵਰਕਰਾਂ ਵਿਚ ਉਪਰਾਮਤਾ ਅਤੇ ਨਿਰਾਸ਼ਤਾ ਮਿਲੇਗੀ । ਐਪਰ ਤੁਸੀਂ ਇਸਦੀ ਚਿੰਤਾ ਨਾ ਕਰਨਾ । ਜਜ਼ਬਾਤੀਪੁਣਾ ਇਕ ਪਾਸੇ ਛਡ ਦੇਣਾ । ਤੱਥਾਂ ਦਾ ਸਾਹਮਣਾ ਕਰਨ ਵਾਸਤੇ ਤਿਆਰ ਰਹੋ । ਇਨਕਲਾਬ ਬਹੁਤ

ਕਠਿਨ ਕੰਮ ਹੈ । ਇਨਕਲਾਬ ਕਰਨਾ ਕਿਸੇ ਇਕ ਆਦਮੀ ਦੀ ਸ਼ਕਤੀ ਤੋਂ ਬਾਹਰ ਹੈ । ਨਾ ਹੀ ਇਹ ਕਿਸੇ ਨਿਸ਼ਚਿਤ ਮਿਤੀ ਤੇ ਲਿਆਂਦਾ ਜਾ ਸਕਦਾ ਹੈ । ਇਹ ਵਿਸ਼ੇਸ਼ ਵਾਤਾਵਰਨ, ਸਮਾਜਕ ਅਤੇ ਆਰਥਕ ਰਾਹੀਂ ਲਿਆਂਦਾ ਜਾਂਦਾ ਹੈ । ਇਕ ਜਥੇਬੰਦ ਪਾਰਟੀ ਦਾ ਕੰਮ ਇਹਨਾਂ ਹਾਲਤਾਂ ਚੋਂ ਮੌਕੇ ਨੂੰ ਵਰਤਣਾ ਹੈ ਅਤੇ ਜਨਸਮੂਹ ਤਿਆਰ ਕਰਨਾ ਅਤੇ ਇਨਕਲਾਬ ਪੱਖੀ ਸ਼ਕਤੀਆਂ ਨੂੰ ਜਥੇਬੰਦ ਕਰਨਾ ਬਹੁਤ ਕਠਨ ਕੰਮ ਹੈ ਅਤੇ ਇਹ ਇਨਕਲਾਬੀ ਵਰਕਰਾਂ ਕੋਲੋਂ ਬਹੁਤ ਮਹਾਨ ਕੁਰਬਾਨੀਆਂ ਦੀ ਮੰਗ ਕਰਦਾ ਹੈ । ਮੈਂ ਇਸ ਨੂੰ ਸਪੱਸ਼ਟ ਕਰਦਾ ਹਾਂ ਕਿ ਜੇ ਤੁਸੀਂ ਕਾਰੋਬਾਰੀ ਬੰਦੇ ਹੋ ਜਾਂ ਸਥਾਪਤ ਸੰਸਾਰਕ ਜਾਂ ਟੱਬਰਦਾਰ ਬੰਦੇ ਹੋ ਤਾਂ ਫਿਰ ਮੇਹਰਬਾਨੀ ਕਰਕੇ ਅੱਗ ਨਾਲ ਨਾ ਖੇਡੋ । ਲੀਡਰ ਵਜੋਂ ਤੁਸੀਂ ਪਾਰਟੀ ਦੇ ਕਿਸੇ ਕੰਮ ਨਹੀਂ । ਸਾਡੇ ਕੋਲ ਪਹਿਲਾਂ ਹੀ ਅਜਿਹੇ ਬਹੁਤ ਸਾਰੇ ਲੀਡਰ ਹਨ ਜਿਹੜੇ ਭਾਸ਼ਣ ਦੇਣ ਲਈ ਸ਼ਾਮ ਦੇ ਕੁਝ ਵਿਹਲੇ ਘੰਟੇ ਸਪੇਅਰ ਕਰ ਦਿੰਦੇ ਹਨ । ਉਹ ਬੇਕਾਰ ਹਨ । ਲੈਨਿਨ ਦੇ ਅਤਿ ਪਿਆਰੇ ਸ਼ਬਦਾਂ ਨੂੰ ਵਰਤਦਿਆਂ ਸਾਨੂੰ ਪੇਸ਼ਾਵਰ ਇਨਕਲਾਬੀਆਂ ਦੀ ਲੋੜ ਹੈ । ਕੁਲਵਕਤੀ ਵਰਕਰ ਜਿਹਨਾਂ ਦੀ ਸਿਵਾਏ ਇਨਕਲਾਬ ਦੇ ਹੋਰ ਕੋਈ ਲਾਲਸਾ ਜਾਂ ਜੀਵਨ ਵਿਚ ਕੰਮ ਨਾ ਹੋਵੇ । ਜਿੰਨੇ ਵਧੇਰੇ ਅਜਿਹੇ ਵਰਕਰ ਪਾਰਟੀ ਵਿਚ ਜਥੇਬੰਦ ਹੋਣਗੇ, ਉਨੇ ਹੀ ਸਫਲਤਾ ਦੇ ਵਧੇਰੇ ਮੌਕੇ ਹੋਣਗੇ ।

ਪ੍ਰਣਾਲੀਬੱਧ ਢੰਗ ਨਾਲ ਲਿਆਂ, ਜਿਸ ਦੀ ਤੁਹਾਨੂੰ ਸਭ ਤੋਂ ਵਧ ਲੋੜ ਹੈ, ਉਹ ਹੈ ਪਾਰਟੀ ਜਿਹੜੀ ਉਪਰ ਦਸੀ ਕਿਸਮ ਦੇ ਵਰਕਰਾਂ 'ਤੇ ਅਧਾਰਤ ਹੋਵੇ, ਜਿਹਨਾਂ ਦੇ ਸਪਸ਼ਟ ਵਿਚਾਰ ਹੋਣ ਅਤੇ ਸਾਫ ਅਨੁਭਵ ਹੋਣ ਅਤੇ ਪਹਿਲਕਦਮੀ ਦੀ ਅਤੇ ਛੇਤੀ ਫੈਸਲਾ ਲੈਣ ਦੀ ਯੋਗਤਾ ਹੋਵੇ । ਪਾਰਟੀ ਦਾ ਫੌਲਾਦੀ ਡਿਸਪਲਨ ਹੋਣਾ ਚਾਹੀਦਾ ਹੈ । ਅਤੇ ਇਸਦਾ ਅੰਡਰਗਰਾਊਂਡ ਹੋਣਾ ਜ਼ਰੂਰੀ ਨਹੀਂ ਸਗੋਂ ਇਹ ਇਸਦੇ ਉਲਟ ਖੁਲ੍ਹੀ ਹੋਣੀ ਚਾਹੀਦੀ ਹੈ । ਭਾਵੇਂ ਸਵੈ-ਇਛਤ ਤੌਰ 'ਤੇ ਜੇਲ੍ਹ ਜਾਣ ਦੀ ਨੀਤੀ ਮੁਕੰਮਲ ਤੌਰ ਤੇ ਛਡਣੀ ਚਾਹੀਦੀ ਹੈ । ਇਸ ਨਾਲ ਅਨੇਕ ਵਰਕਰ ਪੈਦਾ ਹੋ ਜਾਣਗੇ ਜਿਹਨਾਂ ਨੂੰ ਅੰਡਰਗਰਾਉਂਡ ਜੀਵਨ ਬਤੀਤ ਕਰਨਾ ਪਵੇਗਾ । ਉਹਨਾਂ ਨੂੰ ਉਸੇ ਜੋਸ਼ ਤੇ ਲਗਨ ਨਾਲ ਕੰਮ ਕਰਨਾ ਚਾਹੀਦਾ ਹੈ । ਅਤੇ ਵਰਕਰਾਂ ਦਾ ਇਹ ਗਰੁਪ ਹੈ ਜਿਹੜਾ ਅਸਲ ਮੌਕੇ ਵਾਸਤੇ ਯੋਗ ਲੀਡਰ ਪੈਦਾ ਕਰੇਗਾ ।

ਪਾਰਟੀ ਨੂੰ ਵਰਕਰਾਂ ਦੀ ਜ਼ਰੂਰਤ ਹੈ ਜਿਹੜੇ ਕੇਵਲ ਨੌਜਵਾਨ ਲਹਿਰ ਰਾਹੀਂ ਹੀ ਭਰਤੀ ਕੀਤੇ ਜਾ ਸਕਦੇ ਹਨ । ਇਸ ਲਈ ਅਸੀਂ ਨੌਜਵਾਨ ਲਹਿਰ ਨੂੰ ਆਪਣੇ ਪਰੋਗਰਾਮ ਦਾ ਆਰੰਭਕ ਨੁਕਤਾ ਮੰਨਿਆ ਹੈ । ਨੌਜਵਾਨ ਲਹਿਰ ਨੂੰ ਸਟਡੀ ਸਰਕਲ, ਕਲਾਸ ਲੈਕਚਰ ਅਤੇ ਲੀਫਲੈਟਾਂ, ਪੈਂਫਲਟਾਂ, ਕਿਤਾਬਾਂ ਅਤੇ ਰਸਾਲਿਆਂ ਨੂੰ ਪ੍ਰਕਾਸ਼ਤ ਕਰਨਾ ਜਥੇਬੰਦ ਕਰਨਾ ਚਾਹੀਦਾ ਹੈ । ਰਾਜਨੀਤੀ ਵਰਕਰਾਂ ਦੀ ਭਰਤੀ ਅਤੇ ਸਿਖਲਾਈ ਲਈ ਇਹ ਸਭ ਤੋਂ ਚੰਗਾ ਖੇਤਰ ਹੈ ।

ਉਹ ਨੌਜਵਾਨ ਜਿਹਨਾਂ ਦੇ ਵਿਚਾਰ ਪਰੋਢ ਹੋ ਗਏ ਹਨ ਅਤੇ ਬਹੁਤ ਸਾਰੇ ਜਿਹੜੇ ਕਾਜ ਲਈ ਆਪਣਾ ਜੀਵਨ ਅਰਪਨ ਕਰਨ ਵਾਸਤੇ ਆਪਣੇ ਆਪ ਨੂੰ ਤਿਆਰ ਸਮਝਦੇ ਹਨ । ਪਾਰਟੀ ਵਿਚ ਲਿਆਂਦੇ ਜਾਣ । ਪਾਰਟੀ ਵਰਕਰ ਹਮੇਸ਼ਾਂ ਨੌਜਵਾਨ ਲਹਿਰ ਦੇ ਕੰਮ ਨੂੰ ਵੀ ਸੇਧ ਦੇਣਗੇ ਅਤੇ ਕੰਟਰੋਲ ਕਰਨਗੇ । ਪਾਰਟੀ ਨੂੰ ਜਨਤਕ ਪਰਾਪੇਗੰਡੇ ਦੇ ਕੰਮ ਆਰੰਭਣਾ ਚਾਹੀਦਾ ਹੈ । ਇਹ ਬਹੁਤ ਜ਼ਰੂਰੀ ਹੈ । ਗਦਰ ਪਾਰਟੀ (1914-15) ਦੇ ਯਤਨ ਦੀ ਅਸਫਲਤਾ ਦਾ ਇਕ ਬੁਨਿਆਦੀ ਕਾਰਨ, ਅਗਿਆਨਤਾ, ਜਨਸਮੂਹ ਪ੍ਰਤੀ ਲਾਤਅਲਕੀ ਅਤੇ ਕਈ ਸਮਿਆਂ ਤੇ ਸਰਗਰਮ ਵਿਰੋਧੀ ਸੀ । ਇਸ ਤੋਂ ਇਲਾਵਾ, ਕਿਸਾਨਾਂ ਅਤੇ ਮਜ਼ਦੂਰਾਂ ਦੀ ਸਰਗਰਮ ਹਮਦਰਦੀ ਜਿਤਣ ਲਈ ਅਤੇ ਉਹਨਾਂ ਨੂੰ ਜਥੇਬੰਦ ਕਰਨ ਲਈ ਵੀ ਇਹ ਜ਼ਰੂਰੀ ਹੈ, ਪਾਰਟੀ ਦਾ ਨਾਂ, ਦਰ-ਅਸਲ ਹੈ, ਇਕ ਕਮਿਊਨਿਸਟ ਪਾਰਟੀ । ਰਾਜਨੀਤਕ ਵਰਕਰਾਂ ਦੀ, ਸਖਤ ਡਿਸਪਲਿਨ ਵਿਚ ਬੱਝੀ ਇਸ ਪਾਰਟੀ ਨੂੰ ਦੂਸਰੀਆਂ ਸਾਰੀਆਂ ਲਹਿਰਾਂ ਦੀ ਅਗਵਾਈ ਕਰਨੀ ਚਾਹੀਦੀ ਹੈ । ਇਸ ਨੂੰ ਕਿਸਾਨਾਂ ਅਤੇ ਮਜ਼ਦੂਰਾਂ ਦੀਆਂ ਪਾਰਟੀਆਂ ਨੂੰ ਜਥੇਬੰਦ ਕਰਨਾ ਹੋਵੇਗਾ । ਮਜ਼ਦੂਰ ਜਥੇਬੰਦੀਆਂ ਅਤੇ ਇਥੋਂ ਤਕ ਕਿ ਕਾਂਗਰਸ ਅਤੇ ਇਸ ਦੀਆਂ ਰਾਜਨੀਤਕ ਸੰਸਥਾਵਾਂ ਤੇ ਵੀ ਕਬਜ਼ਾ ਕਰਨ ਦਾ ਯਤਨ ਕਰਨਾ ਚਾਹੀਦਾ ਹੈ । ਅਤੇ ਨਾ ਕੇਵਲ ਰਾਸ਼ਟਰੀ ਰਾਜਨੀਤੀ ਚੇਤਨਾ ਪੈਦਾ ਕਰਨ ਵਾਸਤੇ ਪਾਰਟੀ ਨੂੰ ਪਰਕਾਸ਼ਨਾਵਾਂ ਦੀ ਇਕ ਵੱਡੀ ਮੁਹਿੰਮ ਜਥੇਬੰਦ ਕਰਨੀ ਚਾਹੀਦੀ ਹੈ । ਸੋਸ਼ਲਿਸਟ ਸਿਧਾਂਤ ਸਬੰਧੀ ਜਨਸਮੂਹ ਨੂੰ ਜਾਗਰੂਕ ਕਰਨ ਲਈ ਸਮਸਿਆਵਾਂ ਦਾ ਇਕ ਵਸਤੂ ਹਰ ਇਕ ਦੀ ਸੌਖੀ ਪਹੁੰਚ ਹੋਣਾ ਚਾਹੀਦਾ ਹੈ । ਅਜਿਹੀਆਂ ਪ੍ਰਕਾਸ਼ਨਾਵਾਂ ਨੂੰ ਵਡੇ ਪਧਰ ਤੇ ਵੰਡਿਆ ਜਾਣਾ ਚਾਹੀਦਾ ਹੈ । ਲਿਖਤਾਂ ਵਧੇਰੇ ਅਤੇ ਸਪਸ਼ਟ ਹੋਣੀਆਂ ਚਾਹੀਦੀਆਂ ਹਨ ।

ਮਜ਼ਦੂਰ ਲਹਿਰ ਵਿਚ ਕੁਝ ਲੋਕ ਹਨ ਜਿਹੜੇ ਰਾਜਨੀਤਕ ਅਜ਼ਾਦੀ ਤੋਂ ਬਿਨਾਂ ਮਜ਼ਦੂਰਾਂ ਤੇ ਕਿਸਾਨਾਂ ਦੀ ਆਰਥਕ ਮੁਕਤੀ ਦੇ ਕੁਝ ਬੇਹੂਦਾ ਵਿਚਾਰ ਦਿੰਦੇ ਹਨ । ਅਜਿਹੇ ਬੰਦੇ ਗਲਤ ਮੰਤਵਾਂ ਲਈ ਭੜਕਾਊ ਭਾਸ਼ਣ ਝਾੜਨ ਵਾਲੇ ਹਨ ਜਾਂ ਫਿਰ ਖੁਦ ਭੁਲੇਖਿਆਂ ਦਾ ਸ਼ਿਕਾਰ ਹਨ । ਅਜਿਹੇ ਵਿਚਾਰ ਗਲਤ ਅਤੇ ਬੇਥਵੇ ਹਨ । ਅਸੀਂ ਜਨਸਮੂਹ ਦੀ ਆਰਥਕ ਬੰਦਖਲਾਸੀ ਚਾਹੁੰਦੇ ਹਾਂ ਅਤੇ ਰਾਜਨੀਤਕ ਸੱਤਾ ਜਿਤਣ ਲਈ ਕਰ ਰਹੇ ਹਾਂ । ਨਿਰਸੰਦੇਹ ਅਰੰਭ ਵਿਚ, ਸਾਨੂੰ ਜਮਾਤਾਂ ਦੀਆਂ ਛੋਟੀਆਂ ਆਰਥਕ ਮੰਗਾਂ ਅਤੇ ਰਿਆਇਤਾਂ ਵਾਸਤੇ ਲੜਨਾ ਹੋਵੇਗਾ ਪਰ ਇਹ ਸੰਘਰਸ਼ ਰਾਜਨੀਤਕ ਸੱਤਾ ਜਿਤਣ ਲਈ ਅੰਤਮ ਸੰਘਰਸ਼ ਲਈ ਉਹਨਾਂ ਨੂੰ ਸੁਸਿਖਅਤ ਕਰਨ ਵਾਸਤੇ ਸਭ ਤੋਂ ਚੰਗੇ ਸਾਧਨ ਹਨ ।

ਇਹਨਾਂ ਤੋਂ ਇਲਾਵਾ, ਲਾਜ਼ਮੀ ਤੌਰ ਤੇ ਇਕ ਫੌਜੀ ਵਿਭਾਗ ਵੀ ਜਥੇਬੰਦ ਕਰਨਾ ਹੋਵੇਗਾ । ਇਸਦਾ ਬਹੁਤ ਮਹੱਤਵ ਹੈ । ਕਈ ਵਾਰੀ ਇਸ ਦੀ ਲੋੜ ਬਹੁਤ ਤਰਾਂ ਮਹਿਸੂਸ ਹੁੰਦੀ ਹੈ । ਪਰ ਉਸ ਸਮੇਂ ਤੁਸੀਂ ਕਾਰਗਰ ਐਕਸ਼ਨ ਲਈ ਚੋਖੇ ਸਾਧਨਾਂ ਨਾਲ ਲੈਸ ਅਜਿਹੇ ਗਰੁਪ ਨੂੰ


# TRU FOODS DISTRIBUTORS LTD.

**Specializing in Health Foods**

**Vitamins ■ Herbs and all East Indian Foods**

**PROPRITER Mander Brothers**

**Tele.(604) 584-7011**

**10705 — King George Hwy Surrey, B.C. V3T 2X6 ● 10053 — 136 A St. Surrey, B.C. V3T 4G1**

ਆਰੰਭ ਅਤੇ ਸੂਤਰਬੱਧ ਨਹੀਂ ਕਰ ਸਕਦੇ। ਸ਼ਾਇਦ ਇਹ ਅਜਿਹਾ ਵਿਸ਼ਾ ਹੈ ਜਿਹੜਾ ਧਿਆਨ ਪੂਰਵਕ ਵਿਆਖਿਆ ਲੋੜਦਾ ਹੈ। ਇਸ ਵਿਸ਼ੇ ਤੇ ਮੇਰੇ ਵਿਚਾਰਾਂ ਨੂੰ ਗਲਤ ਰੰਗ ਵਿਚ ਸਮਝੇ ਜਾਣ ਦੀ ਬਹੁਤ ਭਾਰੀ ਸੰਭਾਵਨਾ ਹੈ। ਜ਼ਾਹਰਾ ਤੌਰ ਤੇ ਮੈਂ ਦਹਿਸ਼ਤਪਸੰਦਾਂ ਵਾਂਗ ਕਾਰਵਾਈ ਕੀਤੀ ਹੈ। ਪਰ ਮੈਂ ਦਹਿਸ਼ਤਪਸੰਦ ਨਹੀਂ ਹਾਂ। ਮੈਂ ਇਕ ਇਨਕਲਾਬੀ ਹਾਂ ਜਿਸਦੇ, ਲੰਬੇ ਪਰੋਗਰਾਮ ਦੇ ਬਾਰੇ ਜਿਸਤੇ ਅਸੀਂ ਇਥੇ ਵਿਚਾਰ ਕਰ ਰਹੇ ਹਾਂ, ਅਜਿਹੇ ਨਿਸ਼ਚਤ ਵਿਚਾਰ ਹਨ। ਮੇਰੇ 'ਬੁਧ ਸਾਥੀ' ਰਾਮ ਪ੍ਰਸਾਦ ਬਿਸਮਲ ਵਾਂਗ ਮੇਰੇ ਤੇ ਦੋਸ਼ ਲਾਉਣਗੇ ਕਿ ਮੈਂ ਜੇਲ ਕੋਠੜੀ ਵਿਚ ਹੋਣ ਕਰਕੇ ਇਕ ਕਿਸਮ ਦੇ ਪ੍ਰਤੀਕਰਮ ਅਧੀਨ ਅਜਿਹਾ ਕਹਿ ਰਿਹਾ ਹਾਂ, ਅਜਿਹਾ ਦੋਸ਼ ਲਾਉਣਾ ਗਲਤ ਹੋਵੇਗਾ। ਮੇਰੇ ਉਹੀ ਵਿਚਾਰ ਹਨ, ਉਹੀ ਅਕੀਦੇ ਹਨ, ਉਹੀ ਜੋਸ਼ ਤੇ ਲਗਨ ਹੈ ਅਤੇ ਉਹੀ ਭਾਵਨਾ ਹੈ ਜਿਸ ਤਰ੍ਹਾਂ ਮੈਂ ਜੇਲ ਤੋਂ ਬਾਹਰ ਰਖਦਾ ਸਾਂ, ਸ਼ਾਇਦ ਇਸ ਦੇ ਉਲਟ ਇਹ ਨਿਸ਼ਚਿਤ ਤੌਰ ਤੇ ਪਹਿਲਾਂ ਨਾਲੋਂ ਚੰਗੇ ਹਨ। ਇਸ ਲਈ ਮੈਂ ਆਪਣੇ ਪਾਠਕਾਂ ਨੂੰ ਸਾਵਧਾਨ ਕਰਦਾ ਹਾਂ ਕਿ ਉਹ ਮੇਰੇ ਸ਼ਬਦਾਂ ਨੂੰ ਪੜ੍ਹਦੇ ਸਮੇਂ ਖਾਸ ਧਿਆਨ ਰਖਣ। ਉਹ ਇਹਨਾਂ ਸ਼ਬਦਾਂ ਵਿਚੋਂ ਕੋਈ ਲੁਕੀ ਗਲ ਪੜ੍ਹਨ ਦਾ ਯਤਨ ਨਾ ਕਰਨ। ਮੈਂ ਆਪਣੇ ਪੂਰੇ ਜ਼ੋਰ ਨਾਲ ਐਲਾਨ ਕਰਦਾ ਹਾਂ ਕਿ ਮੈਂ ਦਹਿਸ਼ਤਪਸੰਦ ਨਹੀਂ ਹਾਂ ਅਤੇ ਨਾ ਹੀ ਮੈਂ ਅਜਿਹਾ ਕਦੀ ਸੀ ਸਿਵਾਏ ਸ਼ਾਇਦ ਮੇਰੇ ਇਨਕਲਾਬੀ ਜੀਵਨ ਦੇ ਅਰੰਭ ਵਿਚਲੇ ਸਮੇਂ ਦੇ ਅਤੇ ਮੈਂ ਇਸ ਗਲ ਤੋਂ ਕਾਇਲ ਹਾਂ ਕਿ ਅਸੀਂ ਉਹਨਾਂ ਢੰਗਾਂ ਰਾਹੀਂ ਕੁਝ ਪ੍ਰਾਪਤ ਨਹੀਂ ਕਰ ਸਕਦੇ। ਹਿੰਦੁਸਤਾਨ ਸੋਸ਼ਲਿਸਟ ਰੀਪਬਲੀਕਨ ਐਸੋਸੀਏਸ਼ਨ ਦੇ ਇਤਿਹਾਸ ਤੋਂ ਇਹ ਸਹਿਜੇ ਹੀ ਨਿਰਣਾ ਕੀਤਾ ਜਾ ਸਕਦਾ ਹੈ। ਸਾਡੀਆਂ ਸਾਰੀਆਂ ਸਰਗਰਮੀਆਂ ਇਕ ਨਿਸ਼ਾਨੇ ਭਾਵ ਮਹਾਨ ਲਹਿਰ ਨਾਲ ਆਪਣੇ ਆਪ ਨੂੰ ਇਸ ਦੇ ਫੌਜੀ ਵਿੰਗ ਵਜੋਂ ਜੋੜਨ ਦੇ ਨਿਸ਼ਾਨੇ ਵਲ ਸੇਧਤ ਸਨ। ਜੇ ਕਿਸੇ ਨੇ ਮੈਨੂੰ ਗਲਤ ਸਮਝਿਆ ਹੈ ਤਾਂ ਉਸ ਨੂੰ ਆਪਣੇ ਵਿਚਾਰਾਂ 'ਚ ਸੋਧ ਕਰ ਲੈਣੀ ਚਾਹੀਦੀ ਹੈ। ਮੇਰਾ ਇਹ ਭਾਵ ਨਹੀਂ ਕਿ ਬੰਬ ਅਤੇ ਪਸਤੌਲ ਬੇਅਰਥ ਹਨ, ਸਗੋਂ ਇਸ ਦੇ ਉਲਟ ਹੈ। ਮੇਰੇ ਕਹਿਣ ਦਾ ਭਾਵ ਇਹ ਹੈ ਕਿ ਨਿਰਾ ਬੰਬ ਸੁਟਣਾ ਨਾ ਕੇਵਲ ਬੇਅਰਥ ਹੀ ਹੈ ਬਲਕਿ ਕੁਝ ਸਮਿਆਂ ਤੇ ਨੁਕਸਾਨ ਦੇਹ ਵੀ। ਪਾਰਟੀ ਦੇ ਫੌਜੀ ਵਿਭਾਗ ਨੂੰ ਹਮੇਸ਼ਾਂ ਸਾਰੀ ਜੰਗ ਸਮਗਰੀ ਤਿਆਰ ਰੱਖਣੀ ਚਾਹੀਦੀ ਹੈ ਤਾਂ ਕਿ ਕਿਸੇ ਐਮਰਜੈਂਸੀ ਸਮੇਂ ਇਹ ਵਰਤ ਸਕੇ। ਇਸ ਨੂੰ ਪਾਰਟੀ ਦੇ ਰਾਜਨੀਤਕ ਕੰਮ ਦਾ ਇਮਦਾਦੀ ਹੋਣਾ ਚਾਹੀਦਾ ਹੈ। ਇਹ ਵਿਭਾਗ ਇਸ ਤੋਂ ਅਜ਼ਾਦ ਨਾ ਕੰਮ ਕਰ ਸਕਦਾ ਹੈ ਅਤੇ ਨਾ ਹੀ ਇਸਨੂੰ ਇਸ ਤਰਾਂ ਕਰਨਾ ਚਾਹੀਦਾ ਹੈ।

ਉਪਰ ਦਸੀਆਂ ਇਹਨਾਂ ਲਾਈਨਾਂ ਤੇ ਪਾਰਟੀ ਨੂੰ ਆਪਣਾ ਕੰਮ ਕਰਨਾ ਚਾਹੀਦਾ ਹੈ। ਸਮੇਂ-ਸਮੇਂ ਮੀਟਿੰਗਾਂ ਅਤੇ ਕਾਨਫਰੰਸਾਂ ਰਾਹੀਂ ਉਹਨਾਂ ਨੂੰ ਸਾਰੇ ਵਿਸ਼ਿਆਂ 'ਤੇ ਆਪਣੇ ਵਰਕਰਾਂ ਨੂੰ ਸੁਸਿਖਿਅਤ ਅਤੇ ਜਾਗਰੂਕ ਕਰਦੇ ਰਹਿਣਾ ਚਾਹੀਦਾ ਹੈ।

ਜੇ ਤੁਸੀਂ ਇਹਨਾਂ ਲਾਈਨਾਂ ਤੇ ਕੰਮ ਅਰੰਭ ਕਰਦੇ ਹੋ ਤੁਹਾਨੂੰ ਬਹੁਤ ਸੰਜੀਦਾ ਹੋਣਾ ਹੋਵੇਗਾ। ਪਰੋਗਰਾਮ ਨੂੰ ਸਾਕਾਰ ਕਰਨ ਵਾਸਤੇ ਘਟੋ ਘੱਟ 20 ਸਾਲ ਲੋੜੀਂਦੇ ਹਨ ਦਸ ਸਾਲ ਅੰਦਰ ਇਨਕਲਾਬ ਦੇ ਜਵਾਨੀ ਵਾਲੇ ਸੁਪਨੇ, ਇਕ ਸਾਲ ਵਿਚ ਸਵੈਰਾਜ ਦੇ ਗਾਂਧੀ ਦੇ ਸ਼ੇਖਚਿਲੀਆਂ ਵਾਲੇ ਵਾਅਦੇ ਪਾਸੇ ਰੱਖ ਦਿਉ। ਇਸ ਵਾਸਤੇ ਨਾ ਫੋਕੇ ਜਜ਼ਬਾਤਾਂ ਦੀ ਅਤੇ ਨਾ ਹੀ ਮੌਤ ਦੀ ਲੋੜ ਹੈ, ਬਲਕਿ ਨਿਰੰਤਰ ਸੰਘਰਸ਼ ਵਾਲੇ ਕਸ਼ਟ ਝਲਣ ਵਾਲੇ ਅਤੇ ਕੁਰਬਾਨੀਆਂ ਭਰੇ ਜੀਵਨ ਦੀ ਲੋੜ ਹੈ। ਪਹਿਲਾਂ ਆਪਣੇ ਵਿਅਕਤੀਵਾਦ ਨੂੰ ਖਤਮ ਕਰੋ। ਨਿਜੀ ਸੁਖ ਦੇ ਸਪਨੇ ਤਿਆਗੋ। ਫਿਰ ਕੰਮ ਅਰੰਭ ਕਰੋ। ਇੰਚ ਦਰ ਇੰਚ ਤੁਹਾਨੂੰ ਅਗੇ ਵਧਣਾ ਹੋਵੇਗਾ। ਇਸ ਲਈ ਦਲੇਰੀ ਲਗਨ ਅਤੇ ਬਹੁਤ ਮਜ਼ਬੂਤ ਦ੍ਰਿੜ ਇਰਾਦੇ ਦੀ ਲੋੜ ਹੈ। ਕਿਸੇ ਵੀ ਮੁਸ਼ਕਲ ਅਤੇ ਕਿਸੇ ਵੀ ਕਠਨਾਈ ਨਾਲ ਤੁਹਾਡਾ ਹੌਸਲਾ ਨਹੀਂ ਢਹਿਣਾ ਚਾਹੀਦਾ। ਤੁਹਾਡੇ ਤੇ ਲਾਈਆਂ ਜਾਂਦੀਆਂ ਪਾਬੰਦੀਆਂ ਤੋਂ ਤੁਹਾਡਾ ਇਨਕਲਾਬੀ ਜੋਸ਼ ਮੱਠਾ ਨਹੀਂ ਪੈਣਾ ਚਾਹੀਦਾ ਹੈ ਕਸ਼ਟਾਂ ਅਤੇ ਕੁਰਬਾਨੀਆਂ ਦੀ ਕੁਠਾਲੀ 'ਚ ਪੈ ਕੇ ਤੁਸੀਂ ਜੇਤੂ ਹੋਕੇ ਨਿਕਲੋਗੇ ਅਤੇ ਇਹ ਵਿਅਕਤੀਗਤ ਜਿੱਤਾਂ ਇਨਕਲਾਬ ਦੀ ਕੀਮਤੀ ਸੰਪਤੀ ਹੋਵੇਗੀ।

ਇਨਕਲਾਬ ਜ਼ਿੰਦਾਬਾਦ
2 ਫਰਵਰੀ 1931

# ਬਦਨਾਮ ਹਵਾ

## ਹਰਭਜਨ ਸਿੰਘ ਹੁੰਦਲ

ਮੇਰਾ ਪਿੰਡਾ ਛੂਹ ਕੇ ਲੰਘੀ ਫਿਰ ਬਦਨਾਮ ਹਵਾ
ਲੰਘਦੀ ਹੋਈ ਵਿਹੜੇ ਵਿਹੜੇ, ਤੁਰ ਗਈ ਧੂੜ ਖਿੰਡਾ

ਗਲੀਆਂ ਕੋਲੋਂ ਰੌਣਕ ਖੋਹੀ, ਹੱਥਾਂ ਹਥੋਂ ਕੰਮ
ਬੱਚਿਆਂ ਕੋਲੋਂ ਖੋਹ ਖੜਿਆ ਹੈ, ਚਹਿਕਣ ਦਾ ਉਤਸ਼ਾਹ

ਕਿਥੋਂ ਚੱਲੀ ਕਿਸ ਨੇ ਘੱਲੀ, ਜ਼ਹਿਰ ਘੋਲਿਆ ਕਿੰਝ,
ਜਾਂਦੀ ਹੋਈ ਹਰ ਦਰਵਾਜ਼ੇ, ਦੋਸ਼ ਗਈ ਚਿਪਕਾ,

ਜਿੱਧਰ ਜਾਵੇ ਵਰ੍ਹਦੀ ਜਾਵੇ, ਮਾਤਮ ਦੀ ਬਰਸਾਤ,
ਮੜ੍ਹੀਆਂ ਵਿੱਚ ਅਰਾਮ ਕਰੇ ਤੇ ਕਬਰੀਂ ਕਰੇ ਪੜਾ

ਕਲਜੋਗਣ ਨੇ ਅੱਗ ਲਾਉਣ ਦੇ ਚਾਰੇ ਤਾਂ ਕਈ ਕੀਤੇ
ਇਹ ਮਿੱਟੀ ਪਰ, ਕੈਸੀ ਮਿੱਟੀ ਕਰ ਗਈ ਫੇਰ ਬਚਾ

ਤੂੰ ਸਰਘੀ ਤੇ ਜਾਂ ਸਤਰੰਗੀ ਜਾਂ ਖੁਸ਼ਬੂ ਨੂੰ ਸੱਦ
ਜੇ ਕੋਈ ਵੀ ਨਾ ਬਹੁੜੇਗਾ, ਕਵਿਤਾ ਨੂੰ ਸਦਵਾ।


- ਕਾਰ ਐਕਸੀਡੈਂਟ ਜਾਂ ਐਕਸੀਡੈਂਟ ਕਾਰਨ ਸੱਟਾਂ ਦਾ ਮਸਲਾ ਹੈ
- ਰੀਅਲ ਇਸਟੇਟ ਦਾ ਕੰਮ ਕਰਵਾਉਣਾ ਹੈ • ਕੰਪਨੀਆਂ ਨੂੰ ਰਜਿਸਟਰਡ ਕਰਵਾਉਣਾ ਹੈ

ਤਾਂ **ਮਹਿਬੂਬ ਪਿਰਾਨੀ** ਬੈਰਿਸਟਰ ਤੇ ਸੌਲਸਿਟਰ ਨੂੰ ਮਿਲੋ

**Beck, Robinson & Co.**
700-686 West Broadway Vancouver,
B.C. V5X 1G6
ਫੋਨ : 874-0204

# ਪ੍ਰੇਮ ਚੰਦ ਨਾਲ ਦੋ ਮੁਲਾਕਾਤਾਂ

ਜੈਨੇਂਦਰ ਕੁਮਾਰ

ਪ੍ਰੇਮ ਚੰਦ ਨਾਲ ਮੇਰੀ ਪਹਿਲੀ ਮੁਲਾਕਾਤ ਸੰਨ 29 ਵਿਚ ਹੋਈ ਸੀ। ਸਿਆਲ ਦੇ ਦਿਨ ਸਨ। ਕੁੰਭ ਦਾ ਮੇਲਾ ਪੂਰਾ ਹੋਇਆ ਹੀ ਸੀ, ਬਨਾਰਸ ਤੋਂ ਗਡੀ ਲਖਨਊ ਸਟੇਸ਼ਨ ਤੇ ਚਾਰ ਕੁ ਵਜੇ ਆ ਲਗੀ ਸੀ। ਪਹੁ-ਫਟਦੀ ਨੂੰ ਮੈਂ ਉਹਨਾਂ ਦੇ ਲਾਲ ਮਕਾਨ ਤੇ ਪਹੁੰਚਿਆ। ਪਰ ਇਹ ਪਹੁੰਚਣਾ ਸੌਖਾ ਨਹੀਂ ਸੀ। ਸੋਚਿਆ ਸੀ ਕਿ ਮਸ਼ਹੂਰ ਆਦਮੀ ਹਨ, ਲਾਲ ਮਕਾਨ ਦਾ ਪਤਾ ਕੋਲ ਹੈ ਹੀ, ਕੋਈ ਬਚਾ ਵੀ ਉਹ ਮਕਾਨ ਦਸ ਦਏਗਾ। ਪਰ ਗਲ ਏਨੀ ਸਿਧੀ ਨਾ ਨਿਕਲੀ। ਇਕ ਡੇਢ ਘੰਟਾ ਲਗਾ, ਅਮੀਨਾਬਾਦ ਦੇ ਕੋਲ ਉਸ ਲਾਲ ਮਕਾਨ ਨੂੰ ਲਭਣ ਵਿਚ ਤੇ ਪਤਾ ਲਗਾ ਕਿ ਦਿਮਾਗ ਦੀ ਉਚਾਈ ਤੇ ਦੁਨੀਆਂਦਾਰੀ ਦੀ ਵਡਿਆਈ ਇਕ ਚੀਜ ਨਹੀਂ ਹੈ। ਸ਼ਾਇਦ ਇਹ ਦੋਵੇਂ ਹੀ ਸਮਾਂਨਤਰ ਹਨ।

ਮਕਾਨ ਦੀ ਪਉੜੀ ਦੇ ਥਲਿਓਂ ਵਾਜ ਮਾਰਨ ਤੇ ਜਦ ਉਪਰ ਪਰੇਮ ਚੰਦ ਪਰਗਟ ਹੋਏ, ਤਾਂ ਅਚਾਨਕ ਮਨ ਨੂੰ ਧਕਾ ਜਿਹਾ ਵਜਾ। ਉਹ ਸੂਰਤ ਦੇਵਤਿਆਂ ਵਰਗੀ ਨਾ ਲਗੀ, ਤੇ ਮੈਂ ਸਾਂ ਕਿ ਕੁਝ ਇਹੋ ਜਿਹੀ ਹੀ ਆਸ ਲੈ ਕੇ ਗਿਆ ਸਾਂ। ਵਾਲਾਂ ਨਾਲ ਮਥਾ ਢਕਿਆ ਹੋਇਆ, ਵਡੀਆਂ ਵੱਡੀਆਂ, ਸੰਘਣੀਆਂ ਮੁੱਛਾਂ, ਗੋਡਿਆਂ ਤਕ ਉਚੀ ਧੋਤੀ, ਮੋਢਿਆਂ ਤੇ ਲਾਲ ਕਿਨਾਰੀ ਦੀ ਅੱਧੋਰਾਣੀ ਚਾਦਰ। ਕੁਲ ਮਿਲਾ ਕੇ ਜੋ ਦ੍ਰਿਸ਼ ਅੱਖਾਂ ਸਾਹਮਣੇ ਆਇਆ, ਉਹ ਮਨਮੋਹਣਾ ਨਹੀਂ ਸੀ। ਪਰ ਵੇਖਦੇ ਵੇਖਦੇ ਉਹ ਬੰਦਾ ਕਾਹਲੀ ਨਾਲ ਪਉੜੀਆਂ ਉਤਰ ਕੇ ਆਇਆ, ਝਟ ਮੇਰੇ ਹਥੋਂ ਸਾਮਾਨ ਲਿਆ, ਤੇ ਮੈਨੂੰ ਉਪਰ ਲੈ ਤੁਰਿਆ।

ਜਿਸ ਕਮਰੇ ਵਿਚ ਅਸੀਂ ਦਾਖਿਲ ਹੋਏ, ਮੇਜ-ਮੂੜ੍ਹਿਆਂ ਤੇ ਕਿਤਾਬਾਂ-ਕਾਪੀਆਂ ਬੇਤਰਤੀਬੀ ਵਿਚ ਪਈਆਂ ਸਨ, ਤੇ ਸਿਆਹੀ ਦੇ ਧੱਬੇ ਵੀ ਥਾਂ-ਥਾਂ ਵਖਾਈ ਦੇ ਰਹੇ ਸਨ। ਕਿਤਾਬਾਂ ਨੂੰ ਝਟ ਇਧਰ-ਉਧਰ ਸਰਕਾ ਕੇ ਮੇਰੇ ਬੈਠਣ ਲਈ ਮੂੜ੍ਹੇ ਤੇ ਥਾਂ ਬਣਾਈ ਗਈ। ਫੇਰ ਅਸੀਂ ਬੈਠ ਕੇ ਇੰਜ ਗਲਾਂ ਕਰਨ ਲਗੇ, ਜਿਵੇਂ ਪੁਰਾਣੇ ਦੋਸਤ ਹੋਈਏ। ਮੈਂ ਕੱਚੀ ਉਮਰ ਦਾ ਅਨਾੜੀ ਮੁੰਡਾ, ਉਹ ਇਕ ਪਹੁੰਚੇ ਹੋਏ ਬਜ਼ੁਰਗ! ਪਰ ਪਰੇਮ ਚੰਦ ਦੀ ਖੁਲ ਦਿਲੀ ਵਿਚ ਉਮਰਾਂ ਦਾ ਇਹ ਫਰਕ ਕੋਈ ਰੁਕਾਵਟ ਨਾ ਪਾ ਸਕਿਆ।ਮੈਨੂੰ ਆਪਣੇ ਛੋਟੇ ਹੋਣ ਦਾ ਅਹਿਸਾਸ ਤਕ ਨਾ ਰਿਹਾ, ਤੇ ਇਹ ਅਸੰਭਵ ਨਹੀਂ ਕਿ ਸਾਡੀ ਉਸ ਚਰਚਾ ਵਿਚ ਮੇਰੇ ਮੂੰਹੋਂ ਕੁਝ ਗਲਤ ਗੱਲਾਂ ਨਿਕਲ ਗਈਆਂ ਹੋਣ।

ਕਦ ਨੌਂ ਵਜ ਗਏ ਪਤਾ ਹੀ ਨਾ ਲਗਾ। ਅਖੀਰ ਅੰਦਰੋਂ ਆਵਾਜ਼ ਆਈ ਕਿ ਦਿਨ ਏਨਾ ਚੜ੍ਹ ਗਿਆ ਹੈ, ਕਿ ਦਵਾਈ ਨਹੀਂ ਲਿਆ ਕੇ ਦਿਤੀ ਜਾਏਗੀ? ਸੁਣਦਿਆਂ ਹੀ ਪ੍ਰੇਮ ਚੰਦ ਦੁਨੀਆਂ ਵਲ ਜਾਗੇ, ਤੇ ਕਾਹਲੀ ਨਾਲ ਪੈਰੀਂ ਸਲੀਪਰ ਪਾ ਕੇ ਤੇ ਸ਼ੀਸ਼ੀ ਤੇ ਦਵਾਈ ਦਾ ਨੁਸਖਾ ਲਭ ਕੇ ਜਿਵੇਂ ਭਜ ਉਠੇ। ਜਾਂਦਿਆਂ ਮੈਨੂੰ ਕਿਹਾ, 'ਤਦ ਤਕ ਤੁਸੀਂ ਮੂੰਹ ਹਥ ਧੋ ਲਓ। ਮੈਂ ਹੁਣੇ ਆਇਆ।'

ਪਰਤਣ ਤੇ ਖਾ-ਪੀ ਕੇ ਕਹਿਣ ਲਗੇ, 'ਚਲੋ, ਜੈਨੇਂਦਰ, ਦਫਤਰ ਚਲੀਏ।'

ਮਕਾਨ ਤੋਂ ਥੱਲੇ ਆ ਕੇ ਮੈਂ ਵੇਖਿਆ ਕਿ ਹਜ਼ਰਤ ਨੇ ਅਮੀਨਾਬਾਦ ਤੋਂ ਤਾਂਗਾ ਨਹੀਂ, ਇੱਕਾ ਲਿਆ। ਮੈਂ ਕਿਸੇ ਚੰਗੇ ਜਹੇ ਤਾਂਗੇ ਵਿਚ ਬੈਠ ਕੇ ਉਹਨਾਂ ਨਾਲ ਗੱਲਾਂ ਕਰਨੀਆਂ ਚਾਹੁੰਦਾ ਸਾਂ। ਪਰ ਉਹਨਾਂ ਨੇ ਕਿਹਾ, 'ਇਕੇ ਤੇ ਹੀ ਚਲਨੇ ਹਾਂ। ਤਾਂਗਾ ਸਾਨੂੰ ਖਿਚਦਾ ਏ, ਇਕੇ 'ਤੇ ਅਸੀਂ ਸਵਾਰ ਹੁੰਦੇ ਹਾਂ। ਇਹ ਵੀ ਕੀ ਕਿ ਮੂੰਹ ਸਾਡਾ ਇਸ ਪਾਸੇ ਹੈ, ਤੇ ਪਿਛੇ ਜਾ ਰਹੇ ਹਾਂ ਪਿਠ ਵਲ। ਆਪਣੀ ਚੀਜ਼ ਤਾਂ ਇੱਕਾ ਏ।' ਉਹਨਾਂ ਨੇ ਕਹਿਕਹਾ ਲਾਇਆ ਤੇ ਇਕ ਇੱਕੇ ਵਾਲੇ ਨੂੰ ਇਸ ਤਰਾਂ ਸੰਬੋਧਨ ਕੀਤਾ, ਜਿਵੇਂ ਉਹ ਉਹਨਾਂ ਦਾ ਜਿਗਰੀ ਦੋਸਤ ਹੋਵੇ।

ਦਫਤਰ ਵਿਚ ਪਹੁੰਚਣ ਤੇ ਬੈਠਣ ਤੋਂ ਬਾਅਦ ਵੀ ਕੋਈ ਦਫਤਰੀਪਨ ਉਹਨਾਂ ਤੇ ਚੜ੍ਹਿਆ ਹੋਇਆ ਮੈਂ ਨਹੀਂ ਵੇਖਿਆ। ਕੰਮ ਵੀ ਹੋ ਰਿਹਾ ਸੀ 'ਤੇ ਹਾਸਾ-ਮਜ਼ਾਕ ਵੀ ਹੋ ਰਿਹਾ ਸੀ।

ਮੈਂ ਸਿਰਫ ਇਕੋ ਦਿਨ ਉਹਨਾਂ ਨਾਲ ਰਿਹਾ ਤੇ ਉਸੇ ਰਾਤ ਉਥੋਂ ਵਾਪਸ ਆ ਗਿਆ। ਪਰ ਉਹਨਾਂ ਕੁਝ ਇਕ ਘੰਟਿਆਂ ਨੇ ਮੈਨੂੰ ਹਮੇਸ਼ਾਂ ਲਈ ਪ੍ਰੇਮ ਚੰਦ ਦਾ ਬਣਾ ਦਿਤਾ।

ਯਾਦ ਆਉਂਦਾ ਹੈ, ਉਸ ਮੁਲਾਕਾਤ ਵਿਚ ਮੈਂ ਉਹਨਾਂ ਤੋਂ ਪੁਛ ਬੈਠਾ ਸਾਂ, 'ਅਖਬਾਰ ਦੀ ਨੌਕਰੀ ਵਿਚ ਪੈਣ ਦੀ ਕੀ ਮਜਬੂਰੀ ਸੀ? ਛੱਡੋ, ਛੁਟੀ ਲਉ। ਤੁਹਾਡੀ ਕਲਮ ਹੀ ਤੁਹਾਡੇ ਲਈ ਸਭ ਕੁਝ ਨਹੀਂ ਹੋ ਸਕਦੀ?'

ਇਸ ਤੇ ਉਹ ਹੈਰਾਨੀ ਨਾਲ ਮੇਰੀ ਵਲ ਵੇਖਣ ਲਗੇ ਤੇ ਸਮਝ ਗਏ ਕਿ ਮੈਂ ਤਜਰਬੇ ਤੋਂ ਕੋਰਾ ਹਾਂ, ਪਰ ਨਾਰਾਜ਼ ਨਹੀਂ ਹੋਏ ਤੇ ਆਪਣੀ ਜ਼ਿੰਦਗੀ ਦੀ ਲੰਮੀ ਦਾਸੀ ਤਾਨ ਲੈ ਬੈਠੇ। ਉਹਨਾਂ ਦਸਿਆ ਕਿ ਕਿਵੇਂ ਇਕ ਨੌਕਰੀ ਤੋਂ ਦੂਜੀ ਨੌਕਰੀ ਵਿਚ ਗਏ, ਇਸ ਮੁਦੱਰਿਸੀ ਤੋਂ ਉਨ੍ਹਾਂ ਮਾਸਟਰੀ ਕੀਤੀ। ਅਖੀਰ, ਪ੍ਰੈਸ ਖੋਹਲਿਆ, ਪਰੇਸ ਤੋਂ ਤੰਗ ਆ ਕੇ ਉਸਨੂੰ ਤਾਲਾ ਲਾਇਆ ਘਰ ਬੈਠੇ।...'ਸੁਣੋ, ਇਕ ਥਾਂ ਤੋਂ ਪੰਜ ਸੌ ਰੁਪਏ ਆਉਣ ਵਾਲੇ ਸਨ। ਉਡੀਕ ਹੁੰਦੀ ਰਹੀ। ਅਖੀਰ, ਇਕ ਦਿਨ ਢਾਈ ਸੌ ਰੁਪਏ ਪਹੁੰਚ ਗਏ। ਉਹ ਮੈਂ ਸ੍ਰੀਮਤੀ ਦੇ ਹਥ ਤੇ ਜਾ ਕੇ ਰਖੇ। ਕਿੰਨੇ ਨੇ?' ਉਸ ਨੇ ਪੁਛਿਆ। ਢਾਈ ਸੌ, ਮੈਂ ਕਿਹਾ। ਤਦੇ ਉਸ ਨੇ ਸਾਰੇ ਨੋਟ ਦਲਾਨ ਵਿਚ ਵਗਾਹ ਮਾਰੇ। ਤੇ ਮੈਨੂੰ ਏਨੀਆਂ ਸੁਣਨੀਆਂ ਪਈਆਂ ਕਿ ਕੀ ਦਸਾਂ? ਤੰਗੀ ਵਿਚ ਦਿਨ ਬੀਤ ਰਹੇ ਸਨ, ਤੇ ਪੰਜ ਸੌ ਤੇ ਆਸ ਲਗੀ ਹੋਈ ਸੀ। ਉਹਨਾਂ ਦੀ ਥਾਂ ਢਾਈ ਸੌ ਆਏ, ਤਾਂ ਪਤਨੀ ਦੇ ਸਬਰ ਦਾ ਬੰਨ ਟੁਟ ਗਿਆ। ਸੋ, ਜਦ ਇਥੇ ਨੌਕਰੀ ਮਿਲੀ, ਤਾਂ ਝਟ ਕਬੂਲ ਕਰ ਲਈ। ਹੁਣ ਰੋਜ਼-ਰੋਜ਼ ਦਾ ਰੋਣਾ ਤਾਂ ਨਹੀਂ ਏ।'

ਦਿੱਲੀ ਪਰਤਣ 'ਤੇ ਖਤ-ਪੱਤਰ ਦਾ ਸਿਲਸਿਲਾ ਸ਼ੁਰੂ ਹੋ ਗਿਆ।

ਦੂਜੀ ਵਾਰ ਮੁਲਾਕਾਤ ਹੋਈ ਤਾਂ ਕੁਝ ਬੜੀਆਂ ਸਵਾਦਲੀਆਂ ਗੱਲਾਂ ਹੋਈਆਂ। ਉਸ ਵੇਲੇ ਉਹਨਾਂ ਨੇ ਮਕਾਨ ਬਦਲ ਲਿਆ ਸੀ। ਮੇਰਾ ਇਕ ਦੋਸਤ ਤਦ ਲਖਨਊ ਵਿਚ ਰਹਿੰਦਾ ਸੀ। ਉਸ ਨਾਲ ਗਲ ਹੋਈ ਕਿ ਚਲੋ ਪ੍ਰੇਮ ਚੰਦ ਦੇ ਘਰ ਚਲੀਏ। ਨੌਕਰ ਨੂੰ ਸਵਾਰੀ ਲਿਆਉਣ ਦਾ ਹੁਕਮ ਹੋਇਆ। ਇਕ ਸ਼ਾਨਦਾਰ ਰਾਈਸੀ ਬੱਘੀ ਆਈ। ਦੋਸਤ ਨੇ ਰੇਸ਼ਮੀ ਸ਼ੇਰਵਾਨੀ ਪਾਈ, ਉਸ ਨਾਲ ਮੇਲ ਖਾਂਦਾ ਚੁਸਤ ਪਜਾਮਾ ਪਾਇਆ, ਵਧੀਆ ਬੂਟ ਪਾਏ, ਤੇ ਚਿੱਟੀ ਟੋਪੀ ਰਤਾ ਕੁ ਟੇਢੀ ਕਰ ਕੇ ਸਿਰ ਤੇ ਰਖੀ। ਪਰੇਮ ਚੰਦ ਦੇ ਘਰ ਪਹੁੰਚੇ, ਤਾਂ ਕੀ ਵੇਖਦੇ ਹਾਂ ਕਿ ਇਕ ਪਾਸਿਓਂ ਪਰੇਮ ਚੰਦ ਵੀ ਬਾਹਰੋਂ ਤੁਰੇ ਆ ਰਹੇ ਹਨ।ਇਕ ਹੱਥ ਵਿਚ ਸੋਟੀ, ਦੂਜੇ ਵਿਚ ਝੋਲਾ ਹੈ, ਜਿਸ 'ਚੋਂ ਸਾਗ-ਸਬਜ਼ੀਆਂ ਝਾਕ ਰਹੀਆਂ ਹਨ। ਜਿਸਮ ਤੇ ਸਿਰਫ ਕੁਰਤਾ ਤੇ ਧੋਤੀ—ਉਸੇ ਢੰਗ ਦੀ ਉੱਚੀ ਬੱਝੀ ਹੋਈ। ਸਾਫ ਸੀ ਕਿ ਚੰਗਾ ਪੈਂਡਾ ਮਾਰਕੇ ਆਏ ਹਨ। ਉਸ ਦ੍ਰਿਸ਼ ਦੇ ਉਹ ਦੋ ਵਿਰੋਧੀ ਰੂਪ ਅਜ ਤਕ ਭੁਲਦੇ ਨਹੀਂ ਹਨ।

ਉਸੇ ਮੁਲਾਕਾਤ ਵਿਚ ਮੈਂ ਪੁਛਿਆ, "ਇਹ ਦੱਸੋ, ਕੀ ਤੁਹਾਨੂੰ ਕਦੇ ਖੁਦਕਸ਼ੀ ਕਰਨ ਦਾ ਵੀ ਖਿਆਲ ਆਇਆ ਏ?"

"ਕਈ ਵਾਰ। ਇਕ ਵਾਰ ਤਾਂ ਹੁਣੇ ਕੁਝ ਮਹੀਨੇ ਪਹਿਲਾਂ ਦੀ ਗੱਲ ਏ। ਉਸ ਦਿਨ ਸਵੇਰੇ ਕੁਝ ਕਿਹਾ-ਸੁਣੀ ਹੋਈ, ਤਾਂ ਤੈਅ ਕੀਤਾ ਕਿ ਅਜ ਮਰ ਜਾਣਾ ਏ।

ਦਿਨ ਭਰ ਘੁੰਮਦਾ ਰਿਹਾ ਕਿ ਅਜ ਕਿਸੇ ਹਾਲਤ ਵਿਚ ਵੀ ਵਾਪਸ ਘਰ ਨਹੀਂ ਜਾਣਾ, ਤੇ ਮਰ ਕੇ ਰਹਿਣਾ ਏ। ਪਰ ਇੰਜ ਨਹੀਂ। ਵਾਲੰਟੀਅਰ ਜੋ ਪਿਕਟਿੰਗ ਕਰਦੇ ਨੇ ਉਥੇ ਚੁਪਚਾਪ ਕਿਸੇ ਜਥੇ ਵਿਚ ਸ਼ਾਮਿਲ ਹੋ ਕੇ ਪੁਲਸ ਦੀ ਲਾਠੀ ਨਾਲ ਸਿਰ ਪੜਵਾ ਕੇ ਮਰਨਾ ਠੀਕ ਹੋਵੇਗਾ। ਦਿਨ ਭਰ ਏਸੇ ਕੋਸ਼ਿਸ਼ ਵਿਚ ਭਟਕਦਾ ਰਿਹਾ, ਪਰ ਸਿਰ ਕਿਤੇ ਪਾਟਿਆ ਹੀ ਨਹੀਂ। ਸ਼ਾਮ ਹੋਣ 'ਤੇ ਇਕ ਬਾਗ ਵਿਚ ਤਿੰਨ ਘੰਟੇ ਇਕੱਲਿਆਂ ਬੈਠਾ ਰਿਹਾ, ਪਰ ਮੌਤ ਨਾ ਆਈ। ਤੇ ਫੇਰ ਰਾਤ ਦੇ ਗਿਆਰਾਂ ਵਜੇ ਘਰ ਵਲ ਤੁਰ ਪਿਆ।"

ਪ੍ਰੇਮ ਚੰਦ ਦੀ ਸ਼ਖਸੀਅਤ ਦੀ ਸਭ ਤੋਂ ਵੱਡੀ ਖੂਬੀ ਇਹ ਸੀ ਕਿ ਉਹ ਹਰ ਤਰਾਂ ਨਾਲ ਸਾਧਾਰਣ ਸਨ। ਖਾਸ ਤਾਂ ਹਰ ਕੋਈ ਬਣਨਾ ਚਾਹੁੰਦਾ ਹੈ, ਆਮ ਲੋਕਾਂ ਵਿਚ ਰਲ ਕੇ ਖੁਦ ਨੂੰ ਖਤਮ ਕਰਨਾ ਕੋਈ ਨਹੀਂ ਚਾਹੁੰਦਾ।



ਇਕ ਚਿੱਤਰ : ਕੋਰੀਆ ਇਕ ਹੈ

# ਸ਼ਹੀਦ ਭਗਤ ਸਿੰਘ ਦੇ ਨਾਂ

## –ਅਮਰਦੀਪ ਗਿੱਲ

—ਐ ਸਾਡੇ ਇਤਿਹਾਸ ਦੇ ਸੁਨਹਿਰੀ ਪੰਨੇ!
ਸਤਲੁਜ ਦਾ ਕੰਢਾ ਬਹੁਤ ਉਦਾਸ ਹੈ,
ਭਾਵੇਂ ਉਸਦੇ ਮੱਥੇ 'ਤੇ—
ਅੱਜ ਵੀ ਤੇਰੇ ਖੂਨ ਦਾ ਟਿੱਕਾ ਹੈ,
ਭਾਵੇਂ ਅੱਜ ਵੀ ਉਸਦੀ ਬੁੱਕਲ ਵਿਚ
ਤੇਰੇ ਬੋਲਾਂ ਦੇ ਨਕਸ਼ ਨੇ,
ਪਰ ਫਿਰ ਵੀ ਅੱਜ—
ਸਤਲੁਜ ਦਾ ਕੰਢਾ ਬਹੁਤ ਉਦਾਸ ਹੈ,
ਜਾਂ ਸ਼ਾਇਦ ਉਹ ਬੇ-ਆਸ ਹੈ,
ਉਸਨੂੰ ਡਰ ਹੈ ਸ਼ਾਇਦ ਕਿ—
ਗੁੱਜਰਾਂਵਾਲਾ ਵਾਂਗ ਕਿਧਰੇ ਖਟਕੜ ਕਲਾਂ ਵੀ
ਨਾ ਵਿਛੜ ਜਾਵੇ ਉਸ ਤੋਂ,
ਜਾਂ ਤੇਰੀ ਯਾਦ ਦੇ ਨਿਸ਼ਾਨਾਂ ਨੂੰ
ਕੋਈ ਮਿਟਾ ਨਾ ਦੇਵੇ—
ਕੋਈ ਉਸਦੀ ਹਿੱਕ ਤੋਂ,
ਤੂੰ ਨਹੀਂ ਜਾਣਦਾ—
ਤੂੰ 'ਜਿੰਨਾਂ' ਲਈ ਕੁਰਬਾਨੀ ਦਿੱਤੀ ਸੀ
ਉਸ ਉਸ ਦਾ 'ਮੁੱਲ' ਕਿੰਝ ਉਤਾਰ ਰਹੇ ਨੇ
ਤੇਰੇ ਜਾਣ ਪਿੱਛੋਂ—
ਤੇਰੇ ਸਾਇਆਂ ਨੂੰ ਤਲਵਾਰਾਂ ਮਾਰ ਰਹੇ ਨੇ,
ਪਰ ਐ ਸਾਡੀ ਅਣਖ ਦੇ ਸਿਖ਼ਰ!
ਸਾਨੂੰ ਹੁਸੈਨੀਵਾਲਾ ਦੀ ਮਿੱਟੀ ਵਿਚ ਰਲੀ—
ਸੁਆਹ ਦੀ ਸੌਂਹ!
ਅਸੀਂ "ਵਾਰਸ" ਦੇ ਅਰਥ ਨਿਭਾਵਾਂਗੇ
"ਸਰਫਰੋਸ਼ੀ ਕੀ ਤਮੰਨਾ........."
ਅੱਜ ਫਿਰ ਗਾਵਾਂਗੇ,
'ਤੇ ਕੱਲ ਨੂੰ ਭਵਿੱਖ ਬੇ-ਆਸ ਨਹੀਂ ਰਹੇਗਾ
ਸਤਲੁਜ ਦਾ ਕੰਢਾ ਉਦਾਸ ਨਹੀਂ ਰਹੇਗਾ।


ਹੁਣ ਤੁਸੀਂ ਵੈਨਕੂਵਰ-ਹਾਂਗਕਾਂਗ ਨਾਨ - ਸਟਾਪ ਜਾ ਸਕਦੇ ਹੋ

ਭਾਰਤ, ਪਾਕਿਸਤਾਨ, ਫੀਜੀ, ਲੰਡਨ, ਸ੍ਰੀ ਲੰਕਾ, ਨਿਊਜ਼ੀਲੈਂਡ, ਹਵਾਈ ਜਾਂ ਦੁਨੀਆਂ ਦੇ ਹੋਰ ਕਿਸੇ ਵੀ ਹਿੱਸੇ ਵਿਚ ਜਾਣ ਲਈ

ਘੱਟ ਤੋਂ ਘੱਟ ਕਿਰਾਏ

ਜੇਕਰ ਤੁਸੀਂ ਲੰਡਨ ਰਾਹੀਂ ਜਾ ਰਹੇ ਹੋ ਤਾਂ ਤੁਸੀਂ 2 ਸੂਟਕੇਸ ਆਪਣੇ ਨਾਲ ਲਿਜਾ ਸਕਦੇ ਹੋ



CANADIAN AIRLINES INTERNATIONAL

THAI AIRWAYS INTERNATIONAL

& OTHER MAJO AIRLINES

AIR CANADA
BRITISH AIRWAYS
CATHAY PACIFIC

AUTHORIZED AGENTS FOR

ਘੱਟ ਤੋਂ ਘੱਟ ਕਿਰਾਏ

ਦੁਨੀਆਂ ਦੇ ਹੋਰ ਕਿਸੇ ਵੀ ਹਿੱਸੇ ਵਿਚ ਜਾਣ ਲਈ

BAINS TRAVEL SERVICE

6364 Fraser Street,
Vancouver, B.C.
Ph. 324-2277

935 Marine Drive
Capilano Mall,
N. Vancouver

1710 Douglas St.
Victoria, B.C.
Ph. 386-6363

# ਲਾਮਬੰਦੀ ਲਈ

ਪਰਧਾਨ ਮੰਤਰੀ ਨੇ ਪੰਜਾਬ ਬਾਰੇ ਜਿਹੜੇ ਐਲਾਨ ਕੀਤੇ ਹਨ ਉਹ ਚੰਗੀ ਸੇਧ ਵਿਚ ਹਨ ਅਤੇ ਇਹਨਾਂ ਦਾ ਆਮ ਕਰਕੇ ਪੰਜਾਬ ਅੰਦਰ ਤੇ ਪੰਜਾਬ ਤੋਂ ਬਾਹਰ ਸੁਆਗਤ ਹੀ ਹੋਇਆ ਹੈ ।

ਅਕਾਲੀ ਧੜਿਆਂ ਅੰਦਰ ਵੀ ਨਰੋਈ ਸੋਚਣੀ ਵਾਲਿਆਂ ਨੇ ਕੇਂਦਰ ਦੇ ਐਲਾਨਾਂ ਨੂੰ ਮਸਲੇ ਨੂੰ ਸੁਲਝਾਉਣ ਵਾਲੀ ਪਹੁੰਚ ਧਾਰਨ ਕਰਨ ਵਜੋਂ ਲਿਆ ਹੈ ।

ਜਿਥੋਂ ਤੱਕ ਦਹਿਸ਼ਤਗਰਦਾਂ ਦਾ ਸਬੰਧ ਹੈ ਉਹਨਾਂ ਨੇ ਜਿਹੜੇ ਵੀ ਕਾਰੇ ਹੁਣ ਤੱਕ ਕੀਤੇ ਹਨ ਉਹ ਲੋਕਾਂ ਦੇ ਸਾਹਮਣੇ ਆ ਚੁਕੇ ਹਨ । ਕਾਲੀ ਗਰਜ਼ ਕਾਰਵਾਈ ਨੇ ਅੱਤਵਾਦੀ ਤੱਤਾਂ ਦੇ ਘਿਨੌਣੇ ਚਿਹਰੇ ਹੋਰ ਵੀ ਨੰਗੇ ਕਰ ਦਿੱਤੇ ਸਨ । ਇਹਨਾਂ ਲਈ ਸਿੱਖ ਜਨਤਾ ਦੇ ਕੁਝ ਹਲਕਿਆਂ ਵਿਚ ਜਿਹੜੀ ਹਮਦਰਦੀ ਰਖਣ ਦੀ ਭਾਵਨਾ ਪਹਿਲਾਂ ਬਣੀ ਹੋਈ ਸੀ ਉਹ ਜਾਂਦੀ ਰਹੀ ।

ਇਸ ਤਰਾਂ ਦੀ ਅਵਸਥਾ ਵਿਚ ਸਰਕਾਰ ਨੇ ਜਿਹੜੇ ਵੀ ਫੈਸਲੇ ਕਰਨੇ ਹਨ ਉਹ ਛੇਤੀ ਹੋਣੇ ਚਾਹੀਦੇ ਹਨ । ਜੇ ਸਰਕਾਰ ਨੇ ਅਪੋਜੀਸ਼ਨ ਪਾਰਟੀਆਂ ਨਾਲ ਗੱਲਬਾਤ ਕਰਨੀ ਹੈ ਤਾਂ ਉਹ ਵੀ ਛੇਤੀ ਹੋਣੀ ਚਾਹੀਦੀ ਹੈ । ਪਰ ਸਰਕਾਰ ਜਿਹੜੇ ਵੀ ਕਦਮ ਪੁਟਣਾ ਚਾਹੁੰਦੀ ਹੈ ਉਹਨਾਂ ਵਿਚ ਪੰਜਾਬ ਮਸਲੇ ਦਾ ਸਿਆਸੀ ਹੱਲ ਕਿਧਰੇ ਵੀ ਵਖਾਈ ਨਹੀਂ ਦੇਂਦਾ ।

ਪੰਜਾਬ ਵਿਚ ਸਰਗਰਮ ਅੱਤਵਾਦੀ ਤੱਤ ਕੇਂਦਰ ਨਾਲ ਗੱਲਬਾਤ ਕਰਨ ਵਾਲੀ ਕਿਸੇ ਵੀ ਅਕਾਲੀ ਲੀਡਰਸ਼ਿਪ ਦੀ ਵਿਰੋਧਤਾ ਕਰਦੇ ਹਨ ਅਤੇ ਜਦੋਂ ਵੀ ਕੋਈ ਅਜਿਹੀ ਗੱਲ ਤੁਰੀ ਤਾਂ ਉਹ ਹਰ ਤਰਾਂ ਦੀਆਂ ਧਮਕੀਆਂ ਦੇਣਗੇ ਅਤੇ ਕਾਤਲਾਨਾ ਹਮਲੇ ਵੀ ਕਰਨਗੇ । ਇਸ ਪਹਿਲੂ ਨੂੰ ਅਖੋਂ ਪਰੋਖਾ ਨਹੀਂ ਕਰਨਾ ਚਾਹੀਦਾ । ਪਰ ਜੇ ਕੇਂਦਰੀ ਸਰਕਾਰ ਨੇ ਪੰਜਾਬ ਸਮਝੌਤੇ ਦੀ ਸੇਧ ਵਿਚ ਪੰਜਾਬ ਮਸਲੇ ਦੇ ਸਿਆਸੀ ਹੱਲ ਲਈ ਕੋਈ ਕਦਮ ਨਾ ਚੁਕੇ ਤਾਂ ਅਕਾਲੀਆਂ ਦੇ ਧੜੇ ਕਿਵੇਂ ਇਹਨਾਂ ਅੱਤਵਾਦੀ ਤੱਤਾਂ ਵਿਰੁੱਧ ਡੱਟਕੇ ਖਲੋਣਗੇ ? ਲੋੜਾਂ ਦੀ ਲੋੜ ਇਹ ਹੈ ਕਿ ਇਹਨਾਂ ਨੂੰ ਅੱਤਵਾਦੀ ਤੱਤਾਂ ਵਿਰੁੱਧ ਖੜਾ ਕੀਤਾ ਜਾਵੇ । ਇਸ ਮੰਤਵ ਲਈ ਜੋ ਕੁਝ ਵੀ ਕਰਨਾ ਹੈ ਉਹ ਕੀਤਾ ਜਾਵੇ ।

ਇਸ ਗੱਲ ਵਿਚ ਕੋਈ ਵੀ ਸ਼ੱਕ ਨਹੀਂ ਕਿ ਕੁਝ ਅਕਾਲੀ ਆਗੂ ਜਾਂ ਧੜੇ ਪੰਜਾਬ ਸਮਝੌਤੇ ਵਿਚ ਅੰਕਤ ਮੰਗਾਂ ਤੋਂ ਵੀ ਅੱਗੇ ਖੜੇ ਹਨ ਅਤੇ ਅਜੋਕੀ ਅਵਸਥਾ ਵਿਚ ਕੇਂਦਰ ਨਾਲ ਗੱਲਬਾਤ ਕਰਨ ਲਈ ਵੀ ਤਿਆਰ ਨਹੀਂ ਪਰ ਇਸ ਤਰਾਂ ਦੀਆਂ ਪੁਜ਼ੀਸ਼ਨਾਂ ਨੂੰ ਪੰਜਾਬ ਮਸਲੇ ਦੇ ਸਿਆਸੀ ਹੱਲ ਨੂੰ ਲਟਕਾਉਣ ਲਈ ਬਹਾਨਾ ਨਹੀਂ ਬਨਾਉਣਾ ਚਾਹੀਦਾ ।

ਪੰਜਾਬ ਸਮਝੌਤੇ ਉੱਤੇ ਪਰਧਾਨ ਮੰਤਰੀ ਦੇ ਦਸਖਤ ਹਨ । ਇਸ ਉੱਤੇ ਦਸਖਤ ਕਰਨ ਵਾਲੀ ਦੂਜੀ ਧਿਰ ਮੌਜੂਦ ਨਹੀਂ । ਉਹਨਾਂ ਨੂੰ ਪੰਜਾਬ ਸਮਝੌਤੇ ਦੇ ਵਿਰੋਧੀਆਂ ਅੱਤਵਾਦੀ ਤੱਤਾਂ ਨੇ ਕਤਲ ਕਰ ਦਿੱਤਾ ਸੀ । ਇਸ ਲਈ ਪਰਧਾਨ ਮੰਤਰੀ ਦਾ ਇਹ ਫਰਜ਼ ਬਣਦਾ ਹੈ ਕਿ ਉਹ ਪੰਜਾਬ ਸਮਝੌਤੇ ਦੀ ਸੇਧ ਵਿਚ ਪੰਜਾਬ ਮਸਲੇ ਦਾ ਸਿਆਸੀ ਹੱਲ ਕਿਸੇ ਵੀ ਤਰਾਂ ਨਾ ਲਟਕਾਉਣ ।

ਜੇ ਕੇਂਦਰ ਇਸ ਸਬੰਧ ਵਿਚ ਗੰਭੀਰ ਹੋਵੇ ਤਾਂ ਅਕਾਲੀਆਂ ਦੇ ਕੁਝ ਗਰੁਪਾਂ ਦੇ ਰਲਕੇ ਖਲੋਣ ਅਤੇ ਅੱਤਵਾਦੀ ਤੱਤਾਂ ਦਾ ਵਿਰੋਧ ਕਰਨ ਦੀ ਅਵਸਥਾ ਪੈਦਾ ਹੋ ਸਕਦੀ ਹੈ ।

ਦਹਿਸ਼ਤਗਰਦਾਂ ਵਿਰੁੱਧ ਪੰਜਾਬ ਦੇ ਲੋਕਾਂ ਅੰਦਰ ਭਾਰੀ ਗੁੱਸਾ ਤੇ ਨਫਰਤ ਹੈ । ਇਸ ਨੂੰ ਹੋਰ ਵਧਾਉਣ ਲਈ ਕੇਂਦਰ ਨੂੰ ਪੰਜਾਬ ਬਾਰੇ ਫੌਰੀ ਤੌਰ 'ਤੇ ਹੋਰ ਪਹਿਲਕਦਮੀਆਂ ਲੈਣੀਆਂ ਚਾਹੀਦੀਆਂ ਹਨ ।

ਪੰਜਾਬ ਮਸਲੇ ਦੇ ਸਿਆਸੀ ਹੱਲ ਸਬੰਧੀ ਕੇਂਦਰੀ ਸਰਕਾਰ ਇਸ ਢੰਗ ਨਾਲ ਕਦਮ ਪੁਟ ਰਹੀ ਜਾਪਦੀ ਹੈ ਕਿ ਇਹ ਛੇਤੀ ਕਿਸੇ ਸਿਰੇ ਨਾ ਲੱਗੇ ਅਤੇ ਲੋਕ ਸਭਾ ਚੋਣਾਂ ਤੱਕ ਇੰਜ ਹੀ ਲਟਕਦਾ ਰਿਹਾ ।

ਜੇ ਕੇਂਦਰੀ ਸਰਕਾਰ ਨੇ ਪੰਜਾਬ ਮਸਲੇ ਦੇ ਸਿਆਸੀ ਹੱਲ ਨੂੰ ਚੋਣਾਂ ਤੱਕ ਲਟਕਾਇਆ ਤਾਂ ਪੰਜਾਬ ਦੇ ਹਾਲਾਤ ਹੋਰ ਵਿਗੜਨਗੇ ।

ਅੱਤਵਾਦੀ ਤੱਤ ਭਾਵੇਂ ਇਸ ਸਮੇਂ ਕੋਈ ਬਹੁਤੇ ਵੱਡੇ ਐਕਸ਼ਨ ਨਹੀਂ ਕਰ ਪਾ ਰਹੇ ਪਰ ਉਹਨਾਂ ਦੀ ਸ਼ਕਤੀ ਨੂੰ ਕਿਸੇ ਵੀ ਤਰਾਂ ਘਟਾਕੇ ਨਹੀਂ ਵੇਖਣਾ ਚਾਹੀਦਾ । ਸੰਭਵ ਹੈ ਕਿ ਉਹ ਸ਼ਹਿ ਮਾਰਕੇ ਸੁਰਖਿਆ ਦਲਾਂ ਨੂੰ ਕੋਈ ਧੋਖਾ ਦੇ ਰਹੇ ਹੋਣ ।

ਕੇਂਦਰੀ ਗ੍ਰਹਿ ਵਜ਼ਾਰਤ ਦੀਆਂ ਆਪਣੀਆਂ ਰੀਪੋਰਟਾਂ ਅਨੁਸਾਰ ਅੱਤਵਾਦੀ ਤੱਤਾਂ ਨੂੰ ਪਾਕਿਸਤਾਨ ਅੰਦਰੋਂ ਹਥਿਆਰਾਂ ਦੀ ਸਪਲਾਈ ਲਗਾਤਾਰ ਆ ਰਹੀ ਹੈ । ਇਸ ਤੋਂ ਬਿਨਾਂ ਉਹਨਾਂ ਨੇ ਕਈ ਨਵੀਨ ਹਥਿਆਰ ਵੀ ਪ੍ਰਾਪਤ ਕੀਤੇ ਹਨ ।

ਕੇਂਦਰੀ ਗ੍ਰਹਿ ਰਾਜ ਮੰਤਰੀ ਦਾ ਲੋਕ ਸਭਾ ਵਿਚ ਇਹ ਬਿਆਨ ਸੀ ਕਿ ਅੱਤਵਾਦੀ ਤੱਤਾਂ ਕੋਲ ਅਜਿਹੇ ਹਥਿਆਰ ਹਨ ਕਿ ਉਹ ਦਿੱਲੀ ਉਤੇ ਰੀਮੋਟ ਕੰਟਰੋਲ ਯੰਤਰਾਂ ਰਾਹੀਂ ਹਮਲੇ ਕਰ ਸਕਦੇ ਹਨ ।

ਜੇ ਕੇਂਦਰੀ ਸਰਕਾਰ ਇਹ ਸਮਝਦੀ ਹੈ ਕਿ ਅੱਤਵਾਦੀ ਤੱਤਾਂ ਵਲੋਂ ਖਤਰਾ ਗੰਭੀਰ ਹੈ ਤਾਂ ਫੇਰ ਉਹ ਇਸਦੇ ਟਾਕਰੇ ਲਈ ਲੋੜੀਂਦੇ ਕਦਮ ਕਿਉਂ ਨਹੀਂ ਪੁਟ ਰਹੀ ਜਿਨਾਂ ਵਿਚ ਪੰਜਾਬ ਮਸਲੇ ਦਾ ਪੰਜਾਬ ਸਮਝੌਤੇ ਦੀ ਸੇਧ ਵਿਚ ਸਿਆਸੀ ਹੱਲ ਵੀ ਸ਼ਾਮਲ ਹੈ ।

ਪੰਜਾਬ ਦੀ ਅੱਤਵਾਦੀ-ਵੱਖਵਾਦੀ ਲਹਿਰ ਵਲੋਂ ਪੇਸ਼ ਖਤਰੇ ਗੰਭੀਰ ਹਨ । ਇਹਨਾਂ ਨੂੰ ਕਿਸੇ ਤਰਾਂ ਵੀ ਘਟਾਕੇ ਨਹੀਂ ਵੇਖਣਾ ਚਾਹੀਦਾ । ਸਾਮਰਾਜੀ ਏਜੰਸੀਆਂ ਇਸ ਲਹਿਰ ਦੀ ਹਰ ਤਰਾਂ ਨਾਲ ਪਿੱਠ ਪੂਰ ਰਹੀਆਂ ਹਨ ਅਤੇ ਇਸ ਨੂੰ ਅਗਵਾਈ ਦੇ ਰਹੀਆਂ ਹਨ ।

ਪਾਕਿਸਤਾਨ ਵਿਚ ਆਈ ਸਿਆਸੀ ਤਬਦੀਲੀ ਦੇ ਬਾਵਜੂਦ ਉਹ ਦੇਸ਼ ਨਾ ਕੇਵਲ ਅੱਤਵਾਦੀ ਲਹਿਰ ਨੂੰ ਸੇਧ ਦੇ ਰਹੀ ਨਾਮ-ਨਿਹਾਦ ਪੰਥਕ ਕਮੇਟੀ ਦਾ ਵੀ ਅੱਡਾ ਹੈ ਸਗੋਂ ਹਥਿਆਰ ਸਪਲਾਈ ਦਾ ਵੀ ।

ਉਪਰੋਕਤ ਬਿਆਨ ਵਡੇ ਖਤਰਿਆਂ ਨੂੰ ਕਿਸੇ ਤਰਾਂ ਵੀ ਘਟ ਕੇ ਨਹੀਂ ਵੇਖਣਾ ਚਾਹੀਦਾ ਅਤੇ ਨਾ ਹੀ ਇਹਨਾਂ ਬਾਰੇ ਅੱਖਾਂ ਬੰਦ ਹੋਣੀਆਂ ਚਾਹੀਦੀਆਂ ।

ਸਾਮਰਾਜੀ ਸ਼ਹਿ ਅਤੇ ਮਦਦ ਪ੍ਰਾਪਤ ਅੱਤਵਾਦੀ-ਵੱਖਵਾਦੀ ਤੱਤਾਂ ਵਿਰੁਧ ਵਿਸ਼ਾਲ ਲਾਮਬੰਦੀ ਲਈ ਕੇਂਦਰ ਨੂੰ ਵੀ ਆਪਣੀਆਂ ਜ਼ੁਮੇਂਵਾਰੀਆਂ ਪੂਰੀਆਂ ਕਰਨੀਆਂ ਚਾਹੀਦੀਆਂ ਹਨ ।

● ਜਿਥੋਂ ਤਕ ਅਕਾਲੀ ਧੜਿਆਂ ਦੀ ਏਕਤਾ ਦਾ ਸਬੰਧ ਹੈ ਉਹ ਅੱਤਵਾਦ-ਵੱਖਵਾਦ ਵਿਰੁੱਧ ਪਲੇਟਫਾਰਮ ਤੋਂ ਹੀ ਅਜਿਹਾ ਨਿਸ਼ਾਨਾ ਪਰਾਪਤ ਕਰ ਸਕਦੇ ਹਨ ਅਤੇ ਆਪਣੇ ਉਤੇ ਲੱਗੇ ਦਾਗ ਧੋ ਸਕਦੇ ਹਨ ।


■ ਸਪੈਸ਼ਲ **GABA TRAVELS (1982) LTD.** ■ ਸਪੈਸ਼ਲ ■

6612 MAIN ST., VANCOUVER, B.C. V5X 3H2

**Tel. (604) 324-3336**



KLM

**AUTHORIZED AGENTS FOR AIR INDIA**

**AND NOW WE ARE AUTHORISED**

**K.L.M.** (ROYAL DUTCH AIRLINES)

ਤੁਹਾਡੀ ਸਹੂਲਤ ਵਾਸਤੇ ਹੁਣ ਮੋਗੇ ਵੀ ਦਫਤਰ ਖੋਲ੍ਹ ਦਿੱਤਾ ਹੈ ।

ਗੁਰੂ ਨਾਨਕ ਟਰੈਵਲ
ਨਿਊ ਸੋਢੀ ਨਗਰ, ਮੋਗਾ,
ਫੋਨ 2161, 35 32

SPECIAL FARE TO: Delhi, Karachi, Colombo, Singapore, London, Amsterdam

ਦਿੱਲੀ, ਕਰਾਚੀ, ਕੋਲੰਬੋ, ਸਿੰਘਾਪੁਰ, ਲੰਡਨ ਤੇ Amsterdam ਲਈ ਸਪੈਸ਼ਲ ਕਿਰਾਏ

ASSOCIATED OFFICES IN INDIA:

TOLL FREE NO.
B. C. & ALBERTA
1—800 663 6696

GABA TRAVELS
(Opposit Friends Theatre)
JALLANDHAR CITY
TEL. 74597

GABA TRAVELS
V.P.O. NURMAHAL
JALLANDHAR
TEL. 49

GABA TRAVELS
NEW DELHI

ਨਿਸ਼ਾਨਾ

# ਭਰੋਸੇ ਦਾ ਸਟੰਟ

ਪ੍ਰਧਾਨ ਮੰਤਰੀ ਬਿਹਾਰ ਦੇ ਵਿਧਾਇਕਾਂ ਦੀ ਪੰਚਾਇਤ ਦੇ ਕਹਿਣ ਤੇ ਭਗਵਤ ਝਾਅ ਅਜ਼ਾਦ ਨੂੰ ਨਹੀਂ ਹੱਟਾਅ ਰਹੇ, ਤਾਂ ਇਸ ਦਾ ਅਰਥ ਇਹ ਨਹੀਂ ਕਿ ਪੰਚਾਇਤੀ ਰਾਜ ਵਿਚ ਉਨ੍ਹਾਂ ਦਾ ਵਿਸ਼ਵਾਸ ਹੀ ਨਹੀਂ ਹੈ। ਪ੍ਰਧਾਨ ਮੰਤਰੀ ਆਪਣੇ ਨਾਨੇ ਦੇ ਰਾਹ ਦੇ ਰਾਹੀ ਹਨ। ਉਨ੍ਹਾਂ ਦਾ ਵਿਸ਼ਵਾਸ ਰੱਲਵਾਂ ਮਿਲਵਾਂ ਹੈ। ਉਹ ਤਾਕਤਾਂ ਦੀ ਬਰਾਬਰੀ ਵਿਚ ਭਰੋਸਾ ਰਖਦੇ ਹਨ। ਵਿਧਾਇਕ ਹੇਠਾਂ ਤੋਂ ਆਉਣਗੇ। ਮੁੱਖ ਮੰਤਰੀ ਉਪਰ ਤੋਂ ਆਵੇਗਾ। ਜਿਸ ਤਰਾਂ ਉਸ ਦਾ ਨਾਨਾ ਸੋਚਿਆ ਕਰਦਾ ਸੀ, ਸਰਕਾਰੀ ਅਦਾਰੇ ਘਾਟੇ ਵਿਚ ਚਲਣਗੇ, ਨਿੱਜੀ ਅਦਾਰੇ ਮੁਨਾਫੇ ਵਿਚ। ਖੈਰ, ਮੁੱਖ ਮੰਤਰੀ ਵਿਧਾਇਕਾਂ ਦਾ ਆਗੂ ਕਹਾਉਂਦਾ ਹੋਵੇਗਾ, ਪਰ ਉਨ੍ਹਾਂ ਦਾ ਆਗੂ ਹੁੰਦਾ ਨਹੀਂ। ਸੂਬਾਈ ਵਿਧਾਨ ਸਭਾ ਦੀ ਜਿੰਦਗੀ ਦੀ ਕਿਸੇ ਹਨੇਰੀ ਰਾਤ ਨੂੰ ਥੋੜੇ ਜਹੇ ਵਿਧਾਇਕਾਂ ਨੂੰ ਬੁਲਾਅ ਕੇ ਕੋਈ ਇਕ ਆਦਮੀ ਦਿਖਾਇਆ ਜਾਵੇਗਾ ਕਿ ਇਹ ਤੁਹਾਡਾ ਆਗੂ ਹੈ। ਵਿਧਾਇਕ ਕਹਿਣਗੇ ਕਿ ਇਸ ਜੀਵ ਨੂੰ ਤਾਂ ਅਸੀਂ ਜਾਣਦੇ ਹੀ ਨਹੀਂ, ਤਾਂ ਉਨ੍ਹਾਂ ਨੂੰ ਉਸਦੇ ਮੱਥੇ ਉਪਰ ਲਗਾ ਹੋਇਆ ਦਿਲੀ ਦਰਬਾਰ ਦਾ ਠੱਪਾ ਦਿਖਾ ਦਿਤਾ ਜਾਵੇਗਾ। ਵਿਧਾਇਕਾਂ ਦੇ ਸਿਰਫ ਧੜੇ ਹੋਣਗੇ, ਜੋ ਸੰਤੁਸ਼ਟ ਅਤੇ ਅਸੰਤੁਸ਼ਟ ਹੋਣਗੇ। ਧੜੇ ਆਪਣੀ ਥਾਂ ਰਹਿਣਗੇ, ਵਿਧਾਇਕ ਟਰਾਂਸਫਰ ਹੁੰਦੇ ਰਹਿਣਗੇ।

ਨਹਿਰੂ ਪ੍ਰੀਵਾਰ ਦੀ ਸੇਵਾ ਵਿਚ ਇਨਾ ਸਮਾਂ ਗੁਆ ਦੇਣ ਦੇ ਬਾਵਜੂਦ ਜਦੋਂ ਅਰਜਨ ਸਿੰਘ ਇਸ ਵਿਰਾਟ ਸੱਚ ਦੇ ਦਰਸ਼ਨ ਨਹੀਂ ਕਰ ਸਕੇ ਅਤੇ ਮੋਹ-ਮਾਇਆ ਦੇ ਜਾਲ ਵਿਚ ਫਸੇ ਮਚਲਨ ਲਗੇ ਕਿ ਜੇ ਮੈਨੂੰ ਹਟਾ ਹੀ ਰਹੇ ਹੋ ਤਾਂ ਮੇਰੇ ਚੇਲੇ ਦਿੱਗਵਿਜੈ ਨੂੰ ਮੁੱਖ ਮੰਤਰੀ ਬਣਾਓ, ਤਾਂ ਬੇਚਾਰੇ ਬਿਹਾਰ ਦੇ ਅਸੰਤੁਸ਼ਟ ਕਿਸ ਤਰਾਂ ਸਮਝ ਸਕਣਗ ਕਿ ਸਦਨ ਦਾ ਸੱਚਾ ਆਗੂ ਉਹ ਹੀ ਹੋ ਸਕਦਾ ਹੈ, ਜੋ ਸਦਨ ਦਾ ਆਗੂ ਨਾ ਹੋਵੇ! ਲੱਕੜ ਦੇ ਕੀੜੇ ਵਾਂਗ ਵਿਧਾਇਕੀ ਨੂੰ ਹੀ ਦੁਨੀਆ ਦਾ ਦਾਰੋ-ਮਦਾਰ ਸਮਝਣ ਵਾਲੇ ਵਿਧਾਇਕ ਕਿਸ ਤਰਾਂ ਸਮਝ ਸਕਣਗੇ ਕਿ ਆਗੂ ਤਾਂ ਦੇਸ਼ ਅਤੇ ਸਰਕਾਰ ਉਪਰ ਨਾਜਿਲ ਹੁੰਦਾ ਹੈ। ਅਰਜਨ ਸਿੰਘ ਦਾ ਮੋਹ ਤਾਂ ਖੈਰ ਇਕ ਛੋਟੀ ਜਹੀ ਚਿੱਟ ਦਿਖਾ ਕੇ ਬੂਟਾ ਸਿੰਘ ਅਤੇ ਫੋਤੇਦਾਰ ਨੇ ਹੀ ਭੰਗ ਕਰ ਦਿਤਾ, ਪਰ ਬਿਹਾਰ ਦੇ ਅਸੰਤੁਸ਼ਟਾਂ ਦਾ ਮੋਹ ਜਾਲ ਲਗਦਾ ਹੈ ਸੁਦਰਸ਼ਨ ਚਕਰ ਛੱਡੇ ਬਗੈਰ ਨਹੀਂ ਟੁੱਟਦਾ।

ਖੈਰ ਮੈਂ ਵੀ ਕਿਥੇ ਭੱਟਕ ਗਿਆ! ਗਲ ਚਲ ਰਹੀ ਸੀ ਪੰਚਾਇਤੀ ਰਾਜ ਵਿਚ ਪ੍ਰਧਾਨ ਦੇ ਭਰੋਸੇ ਦੀ ਅਤੇ ਛਿੱੜ ਗਿਆ ਜਮਹੂਰੀਅਤ ਪ੍ਰਤੀ ਰਾਜੀਵ ਗਾਂਧੀ ਦੀ ਅਟੁੱਟ ਸ਼ਰਦਾ ਦਾ ਪ੍ਰਸੰਗ। ਖੈਰ, ਛਡੋ! ਹਾਂ ਤੇ ਮੈਂ ਕਹਿ ਰਿਹਾ ਸੀ ਕਿ ਆਪਣੀ ਹੀ ਪਾਰਟੀ ਦੇ ਵਿਧਾਇਕਾਂ ਦੀ ਅਕਲ ਵਿਚ ਉਸ ਨੂੰ ਭਲੇ ਹੀ ਵਿਸ਼ਵਾਸ ਨਾ ਹੋਵੇ, ਪਰ ਪੰਚਾਇਤੀ ਰਾਜ ਵਿਚ ਉਨ੍ਹਾਂ ਦਾ ਵਿਸ਼ਵਾਸ ਬਹੁਤ ਡੂੰਘਾ ਹੈ। ਨਹਿਰੂ ਜੀ ਅਤੇ ਇੰਦਰਾ ਜੀ ਦੇ ਦਿਖਾਏ ਰਾਸਤੇ ਤੇ ਚਲਣ ਕਾਰਨ ਇਹ ਭਰੋਸਾ ਇੰਨਾ ਗਹਿਰਾ ਚਲਾਂ ਗਿਆ ਕਿ ਅਕਸਰ ਸ਼ੱਕ ਹੋਣ ਲਗਦਾ ਹੈ ਕਿ ਖੂਹ ਅੰਦਰੋਂ ਭਾਂ-ਭਾਂ ਹੀ ਕਰਦਾ ਰਹੇਗਾ ਕਿ ਇਸ ਵਿਚੋਂ ਕਦੀ ਪਾਣੀ ਦਾ ਵੀ ਕੋਈ ਤੁੱਪਕਾ ਨਿਕਲੂਗਾ। ਇਨੇ ਡੂੰਘੇ ਭਰੋਸੇ ਦਾ ਵੀ ਕੀ ਫਾਇਦਾ ਕਿ ਵਾਟਰ ਟੇਬਲ ਨਾਪਣ ਲਈ ਵੀ ਬਦੇਸ਼ੀ ਕੰਪਨੀਆਂ ਬੁਲਾਉਣੀਆਂ ਪੈਣ!

ਇਥੇ ਮੈਂ ਇਸ ਤੇ ਕੋਈ ਬਹਿਸ ਨਹੀਂ ਕਰਨਾ ਚਾਹੁੰਦਾ ਕਿ ਚੋਣਾਂ ਵਾਲੇ ਸਾਲ ਵਿਚ ਹੀ ਪੰਚਾਇਤੀ ਰਾਜ ਪ੍ਰਤੀ ਪ੍ਰਧਾਨ ਮੰਤਰੀ ਦੀ ਸ਼ਰਧਾ ਇੰਨੀ ਜ਼ਿਆਦਾ ਕੋਈ ਤੱਲੋਮੱਛੀ ਹੋ ਰਹੀ ਹੈ, ਕਿ ਉਨ੍ਹਾਂ ਨੇ ਇਕ ਨਹੀਂ ਤਿੰਨ-ਤਿੰਨ ਪੰਚਾਇਤੀ ਰਾਜ ਸਮੇਲਨ ਕਰਨ ਦਾ ਫੈਸਲਾ ਕਰ ਲਿਆ ਹੈ ਅਤੇ ਤਹਿ ਕਰ ਲਿਆ ਹੈ ਕਿ ਜ਼ਰੂਰਤ ਪਈ ਤਾਂ ਪੰਚਾਇਤਾਂ ਨੂੰ ਹੋਰ ਅਧਿਕਾਰ ਦੇਣ ਦੇ ਲਈ ਸੰਵਿਧਾਨ ਤੱਕ ਵਿਚ ਸੋਧ ਕਰ ਦੇਣਗੇ। ਇਸ ਬਹਿਸ ਵਿਚ ਉਲਝ ਹੀ ਗਏ ਤਾਂ ਫਿਰ ਇਹ ਵੀ ਸੋਚਣਾ ਪਊ ਕਿ ਜੋ ਪ੍ਰਧਾਨ ਮੰਤਰੀ ਵਿਧਾਇਕਾਂ ਨੂੰ ਸੰਵਿਧਾਨ ਵਿਚ ਮਿਲੇ ਹੋਏ ਅਧਿਕਾਰਾਂ ਦੀ ਰਾਖੀ ਨਹੀਂ ਕਰਨਾ ਚਾਹੁੰਦਾ, ਉਹ ਪੰਚਾਂ ਨੂੰ ਅਧਿਕਾਰ ਕਿਸ ਕਰਕੇ ਦੇਣਾ ਚਾਹਵੇਗਾ? ਵਿਧਾਇਕਾਂ ਵਿਚ ਇੰਨੀ ਬੇ ਭਰੋਸਗੀ ਕਿਉਂ ਅਤੇ ਪੰਚਾਂ ਵਿਚ ਅਚਾਨਕ ਇੰਨਾ ਭਰੋਸਾ ਕਿਉਂ? ਬਾਪੂ ਦੇ ਸੇਵਾਗ੍ਰਾਮ ਨੂੰ ਤਿੰਨ ਬਾਰ ਕੁਚਲ ਆਉਣ ਤੇ ਵੀ ਹਿਰਦੇ ਵਿਚ ਇੰਨਾ ਪ੍ਰੀਵਰਤਣ ਹੋ ਗਿਆ ਕਿ ਪੰਚਾਇਤਾਂ ਦੇ ਲਈ ਤਾਂ ਅਧਿਕਾਰ ਤੇ ਅਧਿਕਾਰ ਅਤੇ ਵਿਧਾਇਕਾਂ ਦੇ ਲਈ ਲੈ ਬੂਟਾ ਸਿੰਘ!

ਪਰ ਇਸ ਮਾਮਲੇ ਵਿਚ ਪ੍ਰਧਾਨ ਮੰਤਰੀ ਦੀ ਗੰਭੀਰਤਾ ਅਤੇ ਭਜਨ ਲਾਲ ਦੇ ਉਤਸ਼ਾਹ ਨੂੰ ਦੇਖਦੇ ਹੋਏ ਲਗਦਾ ਹੈ ਕਿ ਹਾਈ ਕਮਾਨ ਨੇ ਮੁੱਖ ਮੰਤਰੀਆਂ ਵਾਂਗ ਸਰਪੰਚ ਵੀ ਦਿੱਲੀ ਤੋਂ ਹੀ ਭੇਜਣ ਦਾ ਫੈਸਲਾ ਕਰ ਲਿਆ ਹੈ। ਜਿਥੇ ਦਿੱਲੀ ਤੋਂ ਭੇਜੇ ਗਏ ਸਰਪੰਚ ਦੀ ਬਿਲਟੀ ਨਹੀਂ ਛੁਡਾਈ ਜਾਏਗੀ, ਉਥੇ ਪ੍ਰੋਜੈਕਟ ਡਾਇਰੈਕਟਰ ਤਾਂ ਹੋਵੇਗਾ ਹੀ, ਬੀ ਡੀ ਓ ਤਾਂ ਹੋਵੇਗਾ ਹੀ ਹੋਰ ਨਹੀਂ ਤਾਂ ਪਟਵਾਰੀ, ਤਸੀਲਦਾਰ, ਡਿਪਟੀ ਕਮਿਸ਼ਨਰ ਤਾਂ ਹੋਣਗੇ ਹੀ। ਡਿਪਟੀ ਕਮਿਸ਼ਨਰਾਂ ਨੂੰ ਪਹਿਲਾਂ ਹੀ ਸਮੇਲਨ ਬੁਲਾਅ ਕੇ ਸਮਝਾਇਆ ਜਾ ਚੁੱਕਾ ਹੈ ਕਿ ਦੇਖੋ ਹੁਣ ਅਸੀਂ ਦਿੱਲੀ ਤੋਂ ਪੰਚਾਇਤੀ ਰਾਜ ਭੇਜ ਰਹੇ ਹਾਂ। ਸੋ ਹੁਸ਼ਿਆਰੀ ਨਾਲ ਕੰਮ ਕਰਨਾ। ਸਾਡੇ ਰਾਜਪਾਲਾਂ ਵਾਂਗ ਬੂਟਾ ਸਿੰਘ ਦੇ ਆਸਰੇ ਹੀ ਨਾ ਰਹਿਣਾ। ਉਸ ਤਰਾਂ ਤਾਂ ਅਸੀਂ ਰਾਜੇਸ਼ ਪਾਇਲਟ ਨੂੰ ਕਿਸਾਨ ਆਗੂ ਦਾ ਡਿਪਲੋਮਾਂ ਵੀ ਕਰਾ ਰਹੇ ਹਾਂ, ਪਰ ਤੁਸੀਂ ਜਾਣਦੇ ਹੀ ਹੋ ਕਿ ਫਾਈਨਲ ਹੋ ਜਾਣ ਦੇ ਮਗਰੋਂ ਹਰ ਥਾਂ ਤਾਂ ਉਹ ਵੀ ਨਹੀਂ ਜਾ ਸਕੇਗਾ।

ਪੰਚਾਇਤੀ ਰਾਜ ਨੂੰ ਲੈ ਕੇ ਪ੍ਰਧਾਨ ਮੰਤਰੀ ਕਿੰਨੇ ਗੰਭੀਰ ਹਨ, ਇਸ ਦਾ ਅੰਦਾਜ਼ਾ ਇਸ ਤੋਂ ਲਗਾਇਆ ਜਾ ਸਕਦਾ ਹੈ ਕਿ ਦਿੱਲੀ ਵਿਚ ਪੰਚਾਇਤੀ ਰਾਜ ਸਮੇਲਨ ਦਾ ਉਦਘਾਟਨ ਤੇ ਸਮਾਪਤੀ ਸਮਾਰੋਹ ਕਰਦੇ ਹੋਏ ਕੀ ਮਜ਼ਾਲ ਜੇ ਉਨ੍ਹਾਂ ਇਧਰ-ਉਧਰ ਦੀ ਇਕ ਵੀ ਗਲ ਕੀਤੀ ਹੋਵੇ, ਨਾ ਬੇਜਮੀਨਿਆਂ ਨੂੰ ਜ਼ਮੀਨ ਦੇਣ ਦੀ, ਨਾ ਫਸਲਾਂ ਦੇ ਲਾਭਕਾਰੀ ਮੁੱਲਾਂ ਦੀ, ਨਾ ਪਿੰਡਾਂ ਵਿਚ ਖੇਤ ਮਜ਼ਦੂਰਾਂ ਦੀ, ਨਾ ਔਰਤਾਂ ਉਪਰ ਹੋਣ ਵਾਲੇ ਜ਼ੁਲਮ ਦੀ, ਨਾ ਕਰਜ਼ ਦੀ, ਨਾ ਅਨੋਪੜਤਾ ਦੀ ਅਤੇ ਨਾ ਭੁੱਖਮਰੀ ਦੀ। ਤੁਸੀਂ ਕਹਿ ਸਕਦੇ ਹੋ ਕਿ ਇਸ ਦਾ ਮਤਲਵ ਤਾਂ ਇਹ ਹੋਇਆ ਕਿ ਪ੍ਰਧਾਨ ਮੰਤਰੀ ਦਾ ਪੰਚਾਇਤੀ ਰਾਜ ਭਰੋਸਾ-ਭਰੂਸਾ ਕੋਈ ਨਹੀਂ, ਸਭ ਚੋਣ ਸਟੰਟ ਹੈ। ਪਰ ਮਾਫ ਕਰਨਾ-ਤੀਰ ਅੰਦਾਜ਼ ਤੁਹਾਡੇ ਨਾਲ ਸਹਿਮਤ ਨਹੀਂ ਹੈ। ਜੇ ਪੰਚਾਇਤੀ ਰਾਜ ਵਿਚ ਉਨ੍ਹਾਂ ਨੂੰ ਭਰੋਸਾ ਨਾ ਹੁੰਦਾ ਤਾਂ ਤਰੀਪੁਰਾ ਵਿਚ ਆਪਣੀ ਸਰਕਾਰ ਬਨਾਉਣ ਮਗਰੋਂ ਉਹ ਸਭ ਤੋਂ ਪਹਿਲਾਂ ਪੰਚਾਇਤਾਂ ਅਤੇ ਬਾਕੀ ਤਮਾਮ ਸਥਾਨਕ ਅਦਾਰਿਆਂ ਨੂੰ ਭੰਗ ਕਰਕੇ ਉਨ੍ਹਾਂ ਨੂੰ ਆਪਣੇ ਭਰੋਸੇ ਦੇ ਅਫਸਰਾਂ ਦੇ ਹਵਾਲੇ ਨਾ ਕਰਦੇ। ਇਸ ਤੋਂ ਮਗਰੋਂ ਵੀ ਪੰਚਾਇਤੀ ਰਾਜ ਪ੍ਰਤੀ ਉਨ੍ਹਾਂ ਦੇ ਭਰੋਸੇ ਵਿਚ ਮੇਰਾ ਵਿਸ਼ਵਾਸ ਵਧ ਗਿਆ ਹੈ। ਕੀ ਕਿਹਾ? ਤੁਹਾਡਾ ਨਹੀਂ ਵਧਿਆ। ਭਿਜਵਾਵਾਂ ਬੂਟਾ ਸਿੰਘ ਨੂੰ।

—ਤੀਰ ਅੰਦਾਜ

PAUL'S
PLUMBING, ELECTRICAL
& HEATING SUPPLY





OPEN 7 DAYS
A WEEK

4578 Main St., Vancouver
PH. 872-3118, 872-7227

Plumbing & Bathroom
Fixtures & Supplies
Hot Water Tanks

Hot Water Heating
& Supplies
And Instalations

# ਰਾਮ-ਬਾਬਰੀ

ਤਜਿੰਦਰ ਵਿਰਲੀ

ਐ ਰਾਮ ਜਨਮ ਭੂਮੀ
ਐ ਬਾਬਰੀ ਮਸਜਦ
ਸੱਚ ਦੱਸ ਤੂੰ ਕੀ ਏ ?
ਉਹ ਔਰਤ ਜੋ ਇਥੋਂ
ਆਪਣੇ ਸ਼ਿਰ ਦੇ ਸਾਂਈਂ ਦਾ
ਗੋਲੀਆਂ ਵਿੰਨੀਆਂ ਜਿਸਮ ਲੈ ਕੇ ਗਈ ਸੀ
ਉਸ ਨੇ ਤਾਂ
ਬੁਕਦੇ ਹੋਏ ਆਖਿਆ ਸੀ
ਤੂੰ ਕਤਲਗਾਹ ਏ, ਬਸ ਕਤਲਗਾਹ
ਤੇ ਕਤਲਗਾਹ ਦਾ ਕਦੀ ਵੀ
ਕੋਈ ਧਰਮ ਨਹੀਂ ਹੁੰਦਾ
ਐ ਬਾਬਰੀ ਮਸਜਦ
ਉਹ ਮਾਂ ਜੋ
ਆਪਣੇ ਇਕਲੋਤੇ ਪੁੱਤਰ ਦੀ ਲਾਸ਼ ਤੇ
ਵੈਣ ਪਾਉਂਦਿਆਂ ਅੰਨੀ ਹੋ ਗਈ ਸੀ
ਉਸ ਨੇ ਕਬਰ ਵਿਚ ਚਿਣੇ ਜਾਂਦੇ
ਆਪਣੇ ਪੁੱਤਰ ਨੂੰ ਆਖਿਆ ਸੀ ।
ਮੇਰੇ ਬਦਨਸੀਬ ਪੁੱਤਰਾ
ਤੈਨੂੰ ਇਸ ਖੂਨੀ ਧਰਤ ਤੇ ਜਨਮ ਦੇਣ ਲਈ
ਮੈਂ ਹੀ ਦੋਸ਼ੀ ਹਾਂ
ਜੇ ਕਦੀ ਵੀ ਕਿਆਮਤ ਦਾ ਦਿਨ ਆਇਆ
ਤੂੰ ਇਸ ਖੂਨੀ ਧਰਤੀ ਦਾ
ਵਸਨੀਕ ਨਾ ਰਹੀਂ
ਐ ਰਾਮ ਜਨਮ ਭੂਮੀ
ਤੂੰ ਕਲੰਕਤ ਹੋ ਚੁਕੀ ਏਂ
ਤੂੰ ਇਨਸਾਨੀਅਤ ਦੇ ਮੱਥੇ ਤੇ
ਗਰਿਹਣ ਤੋਂ ਵਧ ਕੁਝ ਵੀ ਨਹੀਂ ।

# ਜ਼ਰਾ ਸੋਚੋ

ਸੁਰਿੰਦਰ ਸ਼ਾਂਤ

ਜ਼ਰਾ ਸੋਚੋ, ਮੇਰੇ ਦੋਸਤੋ,
ਹੱਥਾਂ 'ਚ ਕੁਹਾੜੀਆਂ ਤੇ ਆਰੀਆਂ ਲੈਕੇ
ਨਿਕਲ ਤੁਰੇ ਹੋ ਘਰਾਂ 'ਚੋਂ ।
ਇਸ ਜੂਹ ਵਿਚੋਂ 'ਪਿੱਪਲਾਂ' ਤੇ 'ਬੋਹੜਾਂ' ਨੂੰ ਵੱਢਕੇ
ਕਿਸ ਦੀ ਛਾਵੇਂ ਬੈਠੋਗੇ ?
ਫੁੱਲਾਂ ਤੇ ਕਲੀਆਂ ਨੂੰ ਮਸਲ ਕੇ
ਸੁਗੰਧੀਆਂ ਕਿੱਥੋਂ ਭਾਲੋਗੇ ?
ਸੋਚਾਂ ਦੀ ਰਗੜ ਵਿਚੋਂ
ਵਿਦਵਤਾ ਜਨਮਦੀ ਹੈ, ਦੋਸਤੋ ।
ਸੋਚਾਂ ਦਾ ਕਤਲ ਕਰਕੇ, ਤੁਸੀਂ
ਵਿਦਵਤਾ ਦਾ ਸੂਰਜ ਕਿੱਥੋਂ ਲੱਭੋਗੇ ?
ਹਰੀਆਂ ਕਚੂਰ ਕਰੂੰਬਲਾਂ ਨੂੰ ਤਾਂ ਸਾੜ ਦਿਉਗੇ,
ਨਾਮੋ-ਨਿਸ਼ਾਂ ਮਿਟਾ ਦਿਉਗੇ,
ਪਰ ਲੋਕ-ਦਿਲਾਂ ਵਿੱਚ ਉੱਕਰੇ
ਆਪਣੇ ਇਤਿਹਾਸ ਦੇ ਕੁਲਹਿਣੇ ਪੰਨਿਆਂ ਨੂੰ
ਕਿੰਜ ਪਾੜੋਗੇ ? ਕਿੰਜ ਸਾੜੋਗੇ ?
ਕਿਸੇ ਬੀਵੀ ਦੇ ਉਜੜੇ ਸੰਧੂਰ ਨੂੰ
ਕਾਹਦਾ ਦਿਲਾਸਾ ਦਿਓਗੇ ?
ਕਿਸੇ ਵੀਰ ਦੀਆਂ ਭੱਜੀਆਂ ਬਾਹਾਂ ਦੀ ਡਾਂਗ
ਕਿਸਦੇ ਮੋਢਿਆਂ ਤੇ ਰੋਕੋਗੇ !
ਯਤੀਮ ਬੱਚਿਆਂ ਦੇ ਕੱਲ ਨੂੰ ਕਿੰਜ ਰੁਸ਼ਨਾਉਗੇ ?
ਕੱਲਰੇ ਜੀਵਨ 'ਚ ਸੂਰਜ ਮੁਖੀ ਉਗਾਉਣ ਵਾਲੇ,
ਨ੍ਹੇਰਿਆਂ ਰਾਹਾਂ ਨੂੰ ਰੋਸ਼ਨ ਕਰਨ ਵਾਲ,
ਉਡਦੇ ਬਾਜ਼ਾਂ ਨੂੰ ਫੜਨ ਵਾਲੇ,
ਚਰਖੜੀਆਂ ਤੇ ਚੜ੍ਹ, ਤੂੰਬਾ ਤੂੰਬਾ ਹੋ ਜਾਣ ਵਾਲੇ
ਅੱਜ ਨਿਹੱਥੇ ਕਿਉਂ ਕਰ, ਦਿਤੇ ਜੇ ?
ਨਿਹੱਕੇ ਕਿਉਂ ਕਰ ਦਿੱਤੇ ਜੇ ?
ਇਹਨਾਂ ਬੱਚਿਆਂ ਨੇ,ਸਾਡੇ ਇਤਿਹਾਸ ਦੀਆਂ ਤਹਿਆਂ 'ਚੋਂ
ਜਦ ਗਰਦ ਝਾੜਨ ਦੀ ਕੋਸ਼ਿਸ ਕੀਤੀ
ਤਾਂ ਪਲ ਪਲ ਕਿਰਦੇ, ਮਿੱਟੀ ਹੁੰਦੇ
ਆਪੇ ਨੂੰ ਕਿੰਜ ਬਚਾਉਗੇ ?
ਜ਼ਰਾ ਸੋਚੋ, ਦੋਸਤੋ
ਕੁਰਾਹਿਆਂ ਤੇ ਤੁਰ ਕੇ
ਭਲਾ ਮੰਜਲ ਨੂੰ ਕਿੰਜ ਪਾਉਗੇ ।
ਜਦੋਂ ਸਦੀਵੀ ਸੱਚ ਤੋਂ ਦੂਰ ਨਿਕਲ ਜਾਉਗੇ,
ਤਾਂ ਤੁਹਾਨੂੰ ਕਿਸੇ ਨੇ,
ਇਸ ਜੂਹ 'ਚ ਵੜ੍ਹਨ ਨਹੀਂ ਦੇਣਾ ।
ਲੋਕ-ਸਫਾ 'ਚ ਖੜ੍ਹਨ ਨਹੀਂ ਦੇਣਾ ।

### ਸੌਦਾਗਰ

ਤੁਰ ਪਏ ਨੇ ਕਾਤਿਲ,
ਸ਼ਹੀਦਾਂ ਦੇ —
ਸਿਰਾਂ ਦੇ ਮੁੱਲ ਵੱਟਣ,
ਇਹ ਤਾਂ ਸਮਾਂ ਦੱਸੇਗਾ,
ਸ਼ਹੀਦਾਂ ਦੇ ਵਾਰਿਸ ਕੌਣ ਨੇ...?

o

### ਸੋਚ ਦਾ ਸਫ਼ਰ

ਸਿਜਦੇ ਲਈ ਉਠੇ ਹੱਥ ਜੋ,
ਬਗਾਵਤ ਦਾ ਰੂਪ ਧਾਰ ਗਏ ।
ਜਦੋਂ ਸੋਚ ਦੇ ਸਫਰ ਨੇ ।
ਤਕਦੀਰ ਘੜਨ ਦਾ —
ਫੈਸਲਾ ਕਰ ਲਿਆ ।

o


**CALL US FIRST**

IATA **Express Internationl Travel (1986) Ltd.**

Authorised Agents for All Majo Airlines of the World.

**ਧਮਾਕੇਦਾਰ ਸੇਲ** ਲੱਗ ਗਈ ਹੈ ।

**ਸਿੰਘਾਪੁਰ $1050.00 ਟਰੰਟੋ $299 Return ਕੈਲਗਰੀ $148**
**ਹਾਂਗਕਾਂਗ $870 RT ਇੰਗਲੈਂਡ $648 Return ਐਡਮੰਟਨ $164**

- ਸਾਡੇ ਕੋਲ ਸਪੈਸ਼ਲ ਇੰਮੀਗਰੇਂਟ ਕਿਰਾਏ ਲਈ ਟਿਕਟਾਂ ਮਿਲਦੀਆਂ ਹਨ ।
- ਵੀਜ਼ਾ ਅਤੇ ਪਾਸਪੋਰਟ ਲੈਣ ਵਿਚ ਅਸੀਂ ਬਿਨਾਂ ਮੁਆਵਜ਼ੇ ਦੇ ਤੁਹਾਡੀ ਮੱਦਦ ਕਰਦੇ ਹਾਂ ।
- ਇੱਕ ਟਿਕਟ ਲੈਣ ਦੇ ਨਾਲ 1 ਲੱਖ ਡਾਲਰ ਦੀ ਟਰੈਵਲ ਇੰਸ਼ੋਰੈਂਸ Free ਦਿੱਤੀ ਜਾਵੇਗੀ
- ਭਾਰਤ, ਪਾਕਿਸਤਾਨ, ਲੰਡਨ, ਫੀਜ਼ੀ, ਹਵਾਈ ਤੇ ਦੁਨੀਆਂ ਤੇ ਹਰ ਕੋਨੇ ਵਿਚ ਸਪੈਸ਼ਲ ਸਰਵਿਸ
- ਦਿੱਲੀ ਤੋਂ ਵੈਨਕੂਵਰ ਤੱਕ ਸਸਤੇ ਕਿਰਾਏ ਲਈ ਸਾਨੂੰ ਮਿਲੋ



AJIT KANG

5787 Victoria Drive, Vancouver, B.C. V5P 3W5 **Ph. 321-8777**

2nd class Mail Reg. No. 6794
Monthly Magazine

To

The
**lokta**
P.O.Box 67534 STN.'O'
VANCOUVER, B.C. V5W 3T9




# SHAN SAREES & DRAPERY LTD.

ਪੰਜਾਬੀ ਮਾਰਕਿਟ ਵਿੱਚ ਆਉਣ ਸਮੇਂ ਹੋਰ ਛਾਂਗੀਆਂ ਗਈਆਂ ਕੀਮਤਾਂ ਤੇ ਨਵੇਂ ਪੁੱਜੇ ਮਾਲ ਨੂੰ ਦੇਖੇ ਬਗੈਰ ਨਾ ਜਾਓ!!!

ਪੰਜਾਬੀ ਮਾਰਕੀਟ ਵਿਚ
ਸੂਟ - ਸਾੜੀਆਂ ਅਤੇ ਵਧੀਆ ਪਰਦੇ ਬਣਵਾਉਣ ਲਈ ਇਕ ਭਰੋਸੇਯੋਗ ਸਟੋਰ

ਪਰਦਿਆਂ ਅਤੇ ਡਰੇਪਰੀ ਟਰੈਕ ਦੇ ਲਗਵਾਣ ਦੇ ਮੁਫਤ ਐਸਟੀਮੇਟ ਲਈ ਅਸੀਂ ਹਮੇਸ਼ਾ ਹਾਜ਼ਰ ਹਾਂ

ਪਰਦਿਆਂ ਦੇ ਕੱਪੜਿਆਂ 'ਤੇ ਹਮੇਸ਼ਾਂ ਹੀ ਕੁਝ ਨਾ ਕੁਝ ਜ਼ਰੂਰ OFF ਮਿਲਦਾ ਹੈ।

ਕੋਈ ਵੀ ਚੀਜ਼ ਖ਼ੀਦਣ ਤੋਂ ਪਹਿਲਾਂ ਸਾਡੀਆਂ ਕੀਮਤਾਂ ਨੂੰ ਚੈਕ ਜ਼ਰੂਰ ਕਰੋ ਤੁਹਾਨੂੰ ਜੀ ਆਇਆਂ ਅਤੇ ਚੰਗੀ ਸਰਵਿਸ ਦੇਣ ਲਈ ਸਾਡਾ ਸਟਾਫ ਹਮੇਸ਼ਾ ਖੁਸ਼ੀ ਮਹਿਸੂਸ ਕਰੇਗਾ।

# ਸ਼ਾਨ ਸਾੜ੍ਹੀਜ਼ ਐਂਡ ਡਰੇਪਰੀ ਲਿਮਿ:

**6543 MAIN ST. [BETWEEN 49TH. & 50TH.]**
**VANCOUVER, PH: 321-1955. 321-0847**